PUNJAB BIODIVERSITY BOARD
PBB
ਪਬਬ
ਪੰਜਾਬ ਜੈਵ-ਵਿਭਿੰਨਤਾ ਬੋਰਡ

# ਰਵਾਇਤੀ ਗਿਆਨ ਸਬੰਧੀ ਪਰਿਭਾਸ਼ਿਤ ਸ਼ਬਦਾਵਲੀ




**ਪੰਜਾਬ ਜੈਵਿਕ ਵਿਭਿੰਨਤਾ ਬੋਰਡ**

**ਸਾਇੰਸ ਤਕਨਾਲੌਜੀ ਅਤੇ ਵਾਤਾਵਰਣ ਵਿਭਾਗ, ਪੰਜਾਬ ਸਰਕਾਰ**

# ਰਵਾਇਤੀ ਗਿਆਨ ਸਬੰਧੀ
# ਪਰਿਭਾਸ਼ਿਤ ਸ਼ਬਦਾਵਲੀ

**ਪ੍ਰਕਾਸ਼ਿਤ ਕਰਤਾ :**

**ਪੰਜਾਬ ਜੈਵ ਵਿੰਭਿਨਤਾ ਬੋਰਡ**
ਸਾਇੰਸ ਤਕਨਾਲੋਜੀ ਅਤੇ ਵਾਤਾਵਰਣ ਵਿਭਾਗ, ਪੰਜਾਬ ਸਰਕਾਰ

**ਵਿੱਤੀ ਸਹਾਇਤਾ :**

**ਕੌਮੀ ਜੈਵ ਵਿੰਭਿਨਤਾ ਅਥਾਰਟੀ**
ਭਾਰਤ ਸਰਕਾਰ

ਇਸ ਸ਼ਬਦਾਵਲੀ ਦਾ ਪੰਜਾਬੀ ਅਨੁਵਾਦ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੀ ਪ੍ਰਵਾਨਗੀ ਅਤੇ ਵਿੱਤੀ ਸਹਿਯੋਗ ਨਾਲ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਸ਼ਬਦਾਵਲੀ ਦਾ ਪ੍ਰਭਾਵ (Effectiveness) ਵਧਾਉਣ ਲਈ ਕੁਝ ਢੁਕਵੇਂ ਬਦਲਾਵ ਕੀਤੇ ਗਏ ਹਨ, ਇਸ ਕਾਰਜ ਨੂੰ ਪੂਰਾ ਕਰਨ ਲਈ ਡਾ. ਸੁਰਿੰਦਰ ਕੁਮਾਰ ਜਿੰਦਲ ਅਤੇ ਮਿਸ ਦੀਕਸ਼ਾ ਅਰੋੜਾ ਵੱਲੋਂ ਕੀਤੇ ਸਹਿਯੋਗ ਦਾ ਬੋਰਡ ਧੰਨਵਾਦ ਕਰਦਾ ਹੈ।

© ਪੰਜਾਬ ਜੈਵ-ਵਿਭਿੰਨਤਾ ਬੋਰਡ, 2017

**ਤਿਆਰ ਕਰਤਾ:** ਗੁਰਹਰਮਿੰਦਰ ਸਿੰਘ ਅਤੇ ਰੁਪਾਲੀ ਬੱਲ

ਹੋਰ ਜਾਣਕਾਰੀ ਲਈ ਕ੍ਰਿਪਾ ਕਰਕੇ ਸੰਪਰਕ ਕਰੋ :

**ਪੰਜਾਬ ਜੈਵਿਕ ਵਿਭਿੰਨਤਾ ਬੋਰਡ**
ਦਫਤਰ: ਪੰਜਾਬ ਰਾਜ ਵਿਗਿਆਨ ਅਤੇ ਤਕਨਾਲੋਜੀ ਪ੍ਰੀਸ਼ਦ
MGSIPA ਕੰਪਲੈਕਸ, ਸੈਕਟਰ 26,
ਚੰਡੀਗੜ੍ਹ- 160019
ਫੋਨ: 0172-2792325, ਫੈਕਸ- 0172-2793143
ਵੈਬਸਾਇਟ: www.pbb.gov.in

**ਕੌਮੀ ਜੈਵਿਕ ਵਿਭਿੰਨਤਾ ਅਥਾਰਟੀ**
5ਵੀ ਮੰਜ਼ਿਲ, ਟਾਇਸਲ ਬਾਇਓਪਾਰਕ, ਤਾਰਾਮਨੀ ਰੋਡ,
ਤਾਰਾਮਨੀ, ਚੈਨਈ-600013
ਫੋਨ: 044-22542777, ਫੈਕਸ: 044-22541200
ਵੈਬਸਾਇਟ: www.nbaindia.org

**ਪ੍ਰਕਾਸ਼ਕ:** ਪੰਜਾਬ ਜੈਵਿਕ-ਵਿਭਿੰਨਤਾ ਬੋਰਡ

DISCLAIMER
Earnest efforts have been made to translate the information furnished in this publication in Punjabi as accurate as possible, but the Punjab Biodiversity Board will not be held responsible for any remaining inaccuracies or omissions or typographical errors. Incase of any discrepancies, the English version "Explaining and Defining Traditional Knowledge Terminology" will prevail.

Printed at : Bansal Graphics
136-40/28, Ind. Area, Phase-1, Chandigarh
Tel : 98152-64802, 98152-75760

# ਮੁੱਖਬੰਧ

ਭਾਰਤ ਵਰਗੇ ਦੇਸ਼ ਵਿਚ ਜੈਵ-ਵਿਭਿੰਨਤਾ ਦੀ ਸਾਂਭ-ਸੰਭਾਲ ਅਤੇ ਟਿਕਾਊ ਵਰਤੋਂ ਵਿਚ ਰਵਾਇਤੀ ਗਿਆਨ ਅਤੇ ਜੈਵਿਕ ਸ੍ਰੋਤਾਂ ਨਾਲ ਜੁੜੇ ਗਿਆਨ ਦੀ ਭੂਮਿਕਾ ਅਤੇ ਉਚਿਤੱਤਾ, ਮਾਤਰਾ ਅਤੇ ਮਹੱਤਤਾ ਵਿਸ਼ੇਸ਼ ਅਤੇ ਵਿਲੱਖਣ ਹੈ। ਜੈਵਿਕ ਵਿਭਿੰਨਤਾ ਕਾਨੂੰਨ, 2002 ਵਿੱਚ ਰਵਾਇਤੀ ਗਿਆਨ ਨੂੰ ਜਨ ਸਮੂਹਾਂ ਦੀ ਸਹਿਮਤੀ ਨਾਲ ਵਰਤਣ ਨੂੰ ਇੱਕ ਵਿਸ਼ੇਸ਼ ਦਰਜਾ ਦਿੱਤਾ ਗਿਆ ਹੈ। ਭਾਰਤ ਦੇ ਇੱਕ ਵਿਸ਼ਾਲ ਦੇਸ਼ ਹੋਣ ਕਾਰਨ ਰਵਾਇਤੀ ਗਿਆਨ ਦੇ ਅਰਥ ਅਤੇ ਮਹੱਤਤਾ ਵਿੱਚ ਵੀ ਭਰਪੂਰ ਵਿਭਿੰਨਤਾ ਹੈ। ਕਿਉਂ ਜੋ ਇਹ ਇਕ ਅਜਿਹਾ ਮੁੱਦਾ ਹੈ ਜਿਸ ਦਾ ਅਰਥ ਵਿਭਿੰਨ ਸੈਕਟਰਾਂ ਅਤੇ ਸਬੰਧਤ ਸਮੂਹਾਂ ਲਈ ਭਿੰਨ ਹੁੰਦਾ ਹੈ, ਇਸ ਲਈ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਰਵਾਇਤੀ ਗਿਆਨ ਦੀ ਧਾਰਨਾ ਨੂੰ ਸਪੱਸ਼ਟ ਕੀਤਾ ਜਾਵੇ ਅਤੇ ਪਰਿਭਾਸ਼ਿਕ ਸ਼ਬਦਾਂ ਅਤੇ ਸ਼ਬਦਾਵਲੀਆਂ ਨੂੰ ਸੁਖਾਲੇ ਤਰੀਕੇ ਨਾਲ ਦੱਸਿਆ ਜਾਵੇ ਤਾਂ ਜੋ ਰਵਾਇਤੀ ਗਿਆਨ ਨਾਲ ਸਬੰਧਤ ਮੁੱਖ ਮੁੱਦਿਆਂ ਨੂੰ ਬਿਨਾਂ ਕਿਸੇ ਅੜਚਨ ਤੋਂ ਸੁਚੱਜੇ ਢੰਗ ਨਾਲ ਸੁਲਝਾਇਆ ਜਾ ਸਕੇ। ਇਸ ਅਹਿਮ ਉਦੇਸ਼ ਲਈ ਪੰਜਾਬ ਜੈਵ-ਵਿਭਿੰਨਤਾ ਬੋਰਡ ਵੱਲੋਂ ਕੌਮੀ ਜੈਵ-ਵਿਭਿੰਨਤਾ ਅਥਾਰਿਟੀ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਰਵਾਇਤੀ ਗਿਆਨ ਸੰਬੰਧੀ ਸ਼ਬਦਾਵਲੀ ਦਾ ਪੰਜਾਬੀ ਅਨੁਵਾਦ ਪ੍ਰਕਾਸ਼ਿਤ ਕੀਤਾ ਗਿਆ ਹੈ। ਮੈਨੂੰ ਇਹ ਆਸ ਹੈ ਕਿ ਇਹ ਸ਼ਬਦਾਵਲੀ ਬੋਰਡ ਦੁਆਰਾ ਜਨ ਸਮੂਹਾਂ ਦੀ ਸਹਿਮਤੀ ਅਤੇ ਭਾਗੀਦਾਰੀ ਨਾਲ ਰਵਾਇਤੀ ਗਿਆਨ ਦੀ ਰਾਜ ਵਿੱਚ ਸਾਂਭ-ਸੰਭਾਲ ਅਤੇ ਯੋਗ ਵਰਤੋਂ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗੀ।

**ਡਾ. ਜਤਿੰਦਰ ਕੌਰ ਅਰੋੜਾ**
ਮੈਂਬਰ ਸਕੱਤਰ,
ਪੰਜਾਬ ਜੈਵ-ਵਿਭਿੰਨਤਾ ਬੋਰਡ,
ਚੰਡੀਗੜ੍ਹ।

# ਰਵਾਇਤੀ ਗਿਆਨ ਦੀ ਪਰਿਭਾਸ਼ਿਤ ਸ਼ਬਦਾਵਲੀ ਅਤੇ ਵਰਨਣ

**ਪਹੁੰਚ (ਵਰਤੋਂ) (Access) –** ਖੋਜ ਕਾਰਜ, ਵਪਾਰਕ ਵਰਤੋਂ ਜਾਂ ਜੈਵਿਕ-ਸਰਵੇਖਣ ਅਤੇ ਜੈਵਿਕ ਵਰਤੋਂ ਦੇ ਉਦੇਸ਼ ਨਾਲ ਰਾਸ਼ਟਰੀ ਅਧਿਕਾਰ-ਖੇਤਰ ਵਿੱਚੋਂ ਜੈਵਿਕ ਸ੍ਰੋਤਾਂ ਨੂੰ ਜਾਂ ਉਨ੍ਹਾਂ ਨਾਲ ਜੁੜੇ ਗਿਆਨ ਨੂੰ ਹਾਸਲ ਕਰਨਾ।[1]

**ਸਮਝੌਤਾ (Agreement) –** ਦੋ ਜਾਂ ਦੋ ਤੋਂ ਵੱਧ ਵਿਅਕਤੀਆਂ ਦੀ ਸਹਿਮਤੀ - ਕਿਸੇ ਸੰਪੱਤੀ, ਅਧਿਕਾਰ ਜਾਂ ਮੁਨਾਫਿਆਂ ਦੇ ਸਥਾਨਾਂਤਰਨ (Transfer) ਲਈ ਤਾਂ ਜੋ ਕੋਈ ਇਕਰਾਰਨਾਮਾ ਕੀਤਾ ਜਾ ਸਕੇ, ਇਕ ਆਪਸੀ ਇਕਰਾਰਨਾਮਾ।[2] ਉਦਾਹਰਨ ਵਜੋਂ ਯੂਨੀਵਰਸਿਟੀ ਆਫ਼ ਕੈਲੀਫੋਰਨੀਆ, ਬਰਕਲੇਅ ਨੇ ਸਮੋਆਂ ਸਰਕਾਰ (Samoan Government) ਨਾਲ ਇਕ ਸਮਝੌਤੇ ’ਤੇ ਸਹੀ ਪਾਈ ਹੈ - ਏਡਜ਼ ਵਿਰੋਧੀ ਇਕ ਦਵਾਈ, ਪ੍ਰੋਸਟਰੇਟਿਨ (Prostratin), ਲਈ ਇਕ ਦੇਸੀ ਮਮਾਲਾ ਰੁੱਖ ‘ਚੋਂ ਜੀਨ ਕੱਢਣ ਲਈ, ਇਸ ਦਵਾਈ ਦੀ ਹੋਣ ਵਾਲੀ ਵਿੱਕਰੀ ਤੋਂ ਆਈ ਰਾਇਲਟੀ ਸਮੋਆਂ (Samoan) ਦੇ ਲੋਕਾਂ ਨਾਲ ਵੰਡੀ ਜਾਵੇਗੀ।

**ਸਬੰਧਤ ਰਵਾਇਤੀ ਗਿਆਨ (Associated Traditional Knowledge) –** “ਲਾਈਕ ਮਾਇੰਡਿਡ ਕੰਟਰੀਜ਼ ਕੰਟਰੀਬਿਊਸ਼ਨ ਟੂ ਦ ਆਬਜੈਕਟਿਵਜ਼ ਐਂਡ ਪ੍ਰਿੰਸੀਪਲਜ਼ ਆਨ ਦ ਪ੍ਰੋਟੈਕਸ਼ਨ ਆਫ਼ ਜਨੈਟਿਕ ਰਿਸੋਰਸਿਜ਼ ਐਂਡ ਪ੍ਰੀਲਿਮੀਨਰੀ ਡਰਾਫਟ ਆਰਟੀਕਲਜ਼ ਆਨ ਦ ਜਨੈਟਿਕ ਰਿਸੋਰਸਿਜ਼” (ਪੰਜਾਬੀ ਰੂਪ: ਜੀਨੀ ਸ੍ਰੋਤਾਂ ਦੀ ਸੁਰੱਖਿਆ ਸਬੰਧੀ ਉਦੇਸ਼ਾਂ ਤੇ ਸਿਧਾਂਤਾਂ ਪ੍ਰਤੀ ਅਤੇ ਜੀਨੀ ਸ੍ਰੋਤਾਂ ਸਬੰਧੀ ਪਹਿਲੀਆਂ ਕੱਚੀਆਂ ਧਾਰਾਵਾਂ ਪ੍ਰਤੀ ਹਮ ਖਿਆਲੀ ਮੁਲਕਾਂ ਦਾ ਯੋਗਦਾਨ) (ਦਸਤਾਵੇਜ਼ ਡਬਲਿਊ ਆਈ ਪੀ ਓ/ ਜੀ ਆਰ ਟੀ ਕੇ ਐੱਫ/ਆਈ ਸੀ/19/11) ਆਰਟੀਕਲ 1(2)(a) ’ਤੇ ‘ਸਬੰਧਤ ਰਵਾਇਤੀ ਗਿਆਨ’ ਦੀ ਹੇਠ ਲਿਖੀ ਪਰਿਭਾਸ਼ਾ ਦਿੰਦਾ ਹੈ: “ਗਿਆਨ ਜੋ ਕਿ ਗਤੀਸ਼ੀਲ ਅਤੇ ਵਿਕਾਸਸ਼ੀਲ ਹੋਵੇ, ਰਵਾਇਤੀ ਪ੍ਰਸੰਗ ਵਿਚ ਪੈਦਾ ਹੋਇਆ ਹੋਵੇ, ਸਭ ਦੁਆਰਾ ਮਿਲ ਕੇ ਸਾਂਭਿਆ ਗਿਆ ਹੋਵੇ ਅਤੇ ਪੀੜ੍ਹੀ

1 Defining and Explaining ABC terminology, National Biodiversity Authority (NBA), India (2013).
2 Black, HC 1968 Black's Law Dictionary. Revised Fourth Edition by The Publisher's Editorial Staff, St. Paul, Minn, West Publishing Co, USA, page 89

ਦਰ ਪੀੜ੍ਹੀ ਸੰਚਾਰਿਤ ਹੋਇਆ ਹੋਵੇ ਜਿਸ ਵਿਚ ਹੋਰ ਅਜਿਹੀਆਂ ਜਾਣਕਾਰੀਆਂ, ਹੁਨਰ, ਖੋਜਾਂ, ਗਤੀਵਿਧੀਆਂ ਅਤੇ ਸਿਖਲਾਈ ਸ਼ਾਮਲ ਹੋਣ ਜੋ ਜੀਨੀ ਸ੍ਰੋਤਾਂ ਵਿੱਚ ਕਾਇਮ ਰਹਿਣ"[3]।

**ਲਾਭਪਾਤਰੀ (Beneficiaries) –** ਇਸ ਸ਼ਬਦਾਵਲੀ (Term) ਦੀ ਕੋਈ ਸਰਵ-ਪ੍ਰਮਾਣਿਤ ਪਰਿਭਾਸ਼ਾ ਨਹੀਂ ਹੈ। ਪਰ ਕਈ ਸਬੰਧਤ ਧਿਰਾਂ/ਵਿਅਕਤੀਆਂ ਅਨੁਸਾਰ ਰਵਾਇਤੀ ਗਿਆਨ ਅਤੇ ਰਵਾਇਤੀ ਸੱਭਿਆਚਾਰਕ ਪ੍ਰਗਟਾਵਿਆਂ ਨੂੰ ਆਮ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਉਹ ਸਮੂਹਿਕ ਰੂਪ ਨਾਲ ਉਪਜੇ ਅਤੇ ਬਣੇ ਰਹੇ, ਤਾਂ ਜੋ ਇਸ ਸਮੱਗਰੀ ਸਬੰਧੀ ਕੋਈ ਵੀ ਅਧਿਕਾਰ ਅਤੇ ਰੁਚੀਆਂ ਜਨ-ਸਮੂਹਾਂ ਦੀਆਂ ਹੋਣ ਨਾ ਕਿ ਕੱਲੇ-ਕਾਰੇ ਵਿਅਕਤੀਆਂ ਦੀਆਂ। ਫੇਰ ਵੀ ਕੁਝ ਹਾਲਤਾਂ ਵਿਚ ਕੱਲੇ-ਕਾਰੇ ਵਿਅਕਤੀ ਜਿਵੇਂ ਕਿ ਪਰੰਪਰਾਗਤ ਤਰੀਕਿਆਂ ਨਾਲ ਇਲਾਜ ਕਰਨ ਵਾਲੇ ਰਵਾਇਤੀ ਗਿਆਨ ਜਾਂ ਰਵਾਇਤੀ ਸੱਭਿਆਚਾਰਕ ਪ੍ਰਗਟਾਵਿਆਂ ਦੇ ਹੱਕਦਾਰ ਅਤੇ ਇਸ ਲਈ ਸੁਰੱਖਿਆ ਦੇ ਲਾਭਪਾਤਰੀ ਆਖੇ ਜਾ ਸਕਦੇ ਹਨ[4]।

**ਲਾਭ ਦੇ ਦਾਅਵੇਦਾਰ (Benefit Claimers) –** ਇਸ ਦਾ ਅਰਥ ਹੈ ਜੈਵਿਕ ਸ੍ਰੋਤਾਂ ਅਤੇ ਉਨ੍ਹਾਂ ਦੇ ਸਹਿ ਉਤਪਾਦਾਂ ਨੂੰ ਸੰਭਾਲ ਕੇ ਰੱਖਣ ਵਾਲੇ ਲੋਕ, ਅਜਿਹੇ ਜੈਵਿਕ ਸ੍ਰੋਤਾਂ ਦੀ ਵਰਤੋਂ (ਅਜਿਹੀ ਵਰਤੋਂ ਤੇ ਲਾਭ ਨਾਲ ਜੁੜੀਆਂ ਹੋਈਆਂ ਖੋਜਾਂ ਅਤੇ ਗਤੀਵਿਧੀਆਂ) ਨਾਲ ਸਬੰਧਤ ਗਿਆਨ ਅਤੇ ਸੂਚਨਾ ਦੇ ਜਨਕ ਅਤੇ ਧਾਰਕ[5]।

**ਲਾਭਾਂ ਦੀ ਵੰਡ (Benefit Sharing) –** ਜੈਵਿਕ ਸ੍ਰੋਤਾਂ, ਉਨ੍ਹਾਂ ਦੇ ਸਹਿ ਉਤਪਾਦਾਂ, ਉਨ੍ਹਾਂ ਦੀ ਵਰਤੋਂ ਤੇ ਲਾਭ ਨਾਲ ਜੁੜੀਆਂ ਹੋਈਆਂ ਖੋਜਾਂ ਤੇ ਗਤੀਵਿਧੀਆਂ ਅਤੇ ਉਨ੍ਹਾਂ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੇ ਗਿਆਨ ਦੀ ਵਰਤੋਂ ਨਾਲ ਹੋਣ ਵਾਲੇ ਲਾਭਾਂ (ਆਰਥਿਕ ਅਤੇ ਗ਼ੈਰ ਆਰਥਿਕ ਦੋਵਾਂ) ਦੀ ਨਿਆਂਸੰਗਤ ਵੰਡ – ਉਨ੍ਹਾਂ ਵਿਅਕਤੀਆਂ ਜਿਨ੍ਹਾਂ ਨੇ ਅਜਿਹੀ ਪ੍ਰਵਾਨਗੀ ਲਈ ਬੇਨਤੀ ਕੀਤੀ ਸੀ, ਸਬੰਧਤ ਸਥਾਨਕ ਸੰਸਥਾਵਾਂ ਅਤੇ ਲਾਭਾਂ ਦੇ ਦਾਅਵੇਦਾਰਾਂ ਦਰਮਿਆਨ[6]। ਜੈਵ-ਵਿਭਿੰਨਤਾ ਕਾਨੂੰਨ ਅਨੁਸਾਰ ਅਜਿਹੇ ਲਾਭਾਂ ਦੀ ਵੰਡ ਨਿਮਨਲਿਖਿਤ ਸਾਰੇ/ਕਿਸੇ ਵੀ ਤਰੀਕੇ ਨਾਲ ਕੀਤੀ ਜਾ ਸਕਦੀ ਹੈ:

---

3 Glossary of key terms related to intellectual property and genetic resources, traditional knowledge and traditional cultural expressions Intergovernmental Committee on Intellectual Property and Genetic Resources, Traditional Knowledge and Folklore, WIPO/GRTKF/IC/25/INF/7, Annex, page 2.

4 Glossary of key terms related to intellectual property and genetic resources, traditional knowledge and traditional cultural expressions Intergovernmental Committee on Intellectual Property and Genetic Resources, Traditional Knowledge and Folklore, WIPO/GRTKF/IC/25/INK/7, Annex, page 2.

5 Section 2(a) of the Biological Diversity Act, 2002 (Government of India).

6 Section 21 (1&2) of the Biological Diversity Act, 2002 (Government of India).

ੳ) ਬੌਧਿਕ ਸੰਪੱਤੀ ਅਧਿਕਾਰਾਂ ਦੀ ਸਾਂਝੀ ਮਲਕੀਅਤ ਮਨਜ਼ੂਰ ਕਰਨੀ;

ਅ) ਤਕਨਾਲੌਜੀ ਦਾ ਸਥਾਨਾਂਤਰਨ;

ੲ) ਪੈਦਾਵਾਰ, ਖੋਜ ਅਤੇ ਵਿਕਾਸ ਇਕਾਈਆਂ ਅਜਿਹੇ ਖੇਤਰਾਂ ਵਿਚ ਸਥਾਪਿਤ ਕਰਨਾ ਜਿਸ ਨਾਲ ਲਾਭ-ਦਾਅਵੇਦਾਰਾਂ ਨੂੰ ਵਧੀਆ ਜ਼ਿੰਦਗੀ ਜਿਉਣ ਵਿਚ ਮੱਦਦ ਮਿਲ ਸਕੇ।

ਸ) ਭਾਰਤੀ ਵਿਗਿਆਨੀ, ਲਾਭ-ਦਾਅਵੇਦਾਰਾਂ ਅਤੇ ਸਥਾਨਕ ਲੋਕਾਂ ਨੂੰ ਜੈਵਿਕ ਸ੍ਰੋਤਾਂ ਸਬੰਧੀ ਖੋਜ ਤੇ ਵਿਕਾਸ, ਜੈਵਿਕ ਸਰਵੇਖਣ ਅਤੇ ਜੈਵਿਕ ਵਰਤੋਂ ਦੇ ਕਾਰਜਾਂ ਨਾਲ ਜੋੜਣਾ;

ਹ) ਲਾਭ-ਦਾਅਵੇਦਾਰਾਂ ਦੇ ਫਾਇਦੇ ਲਈ 'ਵੈਂਚਰ ਕੈਪੀਟਲ ਫੰਡ' ਦੀ ਸਥਾਪਨਾ;

ਕ) ਲਾਭ-ਦਾਅਵੇਦਾਰਾਂ ਨੂੰ ਮਾਇਕ ਅਤੇ ਗ਼ੈਰ-ਮਾਇਕ ਲਾਭਾਂ ਦੀ ਅਦਾਇਗੀ[7]।

**ਜੈਵ ਸੱਭਿਆਚਾਰਕ ਜਨ-ਸਮੂਹ ਪ੍ਰਾਟੋਕਾਲਾਂ (Biocultural Community Protocols) –** ਇਹ ਜਨ-ਸਮੂਹਾਂ ਦੀ ਅਗਵਾਈ ਵਾਲੇ, ਅਧਿਕਾਰ-ਅਧਾਰਤ ਦਸਤਾਵੇਜ਼ (ਨਿਯਮ) ਹਨ ਜੋ ਜਨ-ਸਮੂਹਾਂ ਅਤੇ ਉਨ੍ਹਾਂ ਦੀਆਂ ਸਥਾਨਕ ਸੰਸਥਾਵਾਂ ਨੂੰ ਇਸ ਕਾਬਲ ਬਣਾਉਂਦੇ ਹਨ ਕਿ ਉਹ ਉਨ੍ਹਾਂ ਢੰਗਾਂ ਨਾਲ ਖੁਦ ਫੈਸਲੇ ਲੈਣ ਦੇ ਆਪਣੇ ਅਧਿਕਾਰ ਨੂੰ ਜਤਾ ਸਕਣ ਜਿਹੜੇ ਢੰਗ ਉਨ੍ਹਾਂ ਦੀਆਂ ਕਦਰਾਂ ਕੀਮਤਾਂ, ਪਰੰਪਰਾ-ਕਾਨੂੰਨਾਂ ਅਤੇ ਪਰੰਪਰਾਗਤ ਸੰਸਥਾਵਾਂ ਦੇ ਅਨੁਰੂਪ ਹੋਣ[8]।

**ਜੈਵ-ਵਿਭਿੰਨਤਾ ਵਿਰਾਸਤੀ ਸਥਲ (Biodiversity Heritage Site - BHS) –** ਉਹ ਖੇਤਰ ਜੋ ਅਦੁੱਤੇ ਅਤੇ ਵਾਤਾਵਰਨਕ ਤੌਰ 'ਤੇ ਕਮਜ਼ੋਰ (ਨਸ਼ਟ ਹੋ ਸਕਣ ਵਾਲੇ) ਹੋਣ। ਇਹ ਸਥਲੀ, ਤਟੀ ਤੇ ਧਰਾਤਲੀ ਅਤੇ ਖਾਰੇ ਪਾਣੀਆਂ (ਭਰਪੂਰ ਜੈਵ-ਵਿਭਿੰਨਤਾ ਵਾਲਿਆਂ) ਉਪਰ ਫੈਲੇ ਹੋਏ ਹੁੰਦੇ ਹਨ[9]। ਨੱਲੂਰ ਦਾ ਇਮਲੀ-ਰੁੱਖ-ਝੁੰਡ ਅਤੇ ਕਰਨਾਟਕ ਦਾ ਹੋਗਰੇਕਨ (Hogrekan) ਕੁੱਝ ਘੋਸ਼ਿਤ ਜੈਵ-ਵਿਭਿੰਨਤਾ ਵਿਰਾਸਤੀ ਸਥਲਾਂ ਦੀਆਂ ਉਦਾਹਰਨਾਂ ਹਨ।

**ਜੈਵ-ਵਿਭਿੰਨਤਾ ਪ੍ਰਬੰਧਣ ਕਮੇਟੀ (Bio Diversity Management Committee - BMC) –** ਭਾਰਤੀ ਜੈਵ-ਵਿਭਿੰਨਤਾ ਕਾਨੂੰਨ ਅਨੁਸਾਰ ਹਰ ਸਥਾਨਕ ਇਕਾਈ ਦੁਆਰਾ

7 Defining and Explaining ABS terminology, National Biodiversity Authority (NBA), India (2013).

8 Jonas. H, Shrumm. H and Bavikatte. K (2010) Biocultural Community Protocols and Conservation Pluralism, Policy matters 17 IUCN & CEE SP.

9 http://nbaindia.org/uploaded/ut/Final%20BHS%20guidelines%20approved%20in%20the%2019th%20Authority.pdf http://nbaindia.org/uploaded/ut/Final%20BHS%20guidelines%20approved%20in%20the%2019th%20 Authority.pdf

ਜੈਵ-ਵਿਭਿੰਨਤਾ ਦੀ ਸਾਂਭ-ਸੰਭਾਲ, ਟਿਕਾਊ ਵਰਤੋਂ ਅਤੇ ਦਸਤਾਵੇਜ਼ੀਕਰਨ ਲਈ ਅਤੇ ਨਿਵਾਸ-ਸਥਲਾਂ ਦੀ ਸੰਭਾਲ ਕਰਨ, ਧਰਤ ਪ੍ਰਜਾਤੀਆਂ, ਲੋਕ ਕਿਸਮਾਂ ਤੇ ਪਾਲਤੂ ਪ੍ਰਜਾਤੀਆਂ, ਪਸ਼ੂਆਂ ਅਤੇ ਸੂਖਮ ਜੀਵਾਂ ਦੀਆਂ ਨਸਲਾਂ ਦੀ ਸਾਂਭ-ਸੰਭਾਲ ਅਤੇ ਜੈਵ-ਵਿਭਿੰਨਤਾ ਨਾਲ ਜੁੜੇ ਗਿਆਨ ਦਾ ਬਿਰਤਾਂਤ ਲਿਖਣ ਲਈ ਆਪਣੇ ਅਧਿਕਾਰ-ਖੇਤਰ ਅੰਦਰ ਜੈਵ-ਵਿਭਿੰਨਤਾ ਪ੍ਰਬੰਧਣ ਕਮੇਟੀ ਦੀ ਸਥਾਪਨਾ ਕੀਤੀ ਜਾਂਦੀ ਹੈ[10]। ਜੂਨ, 2013 ਤਕ ਦੇ ਅੰਕੜਿਆਂ ਅਨੁਸਾਰ ਰਾਸ਼ਟਰੀ ਜੈਵ-ਵਿਭਿੰਨਤਾ ਅਥਾਰਟੀ ਨੇ 32,210 ਜੈਵ-ਵਿਭਿੰਨਤਾ ਪ੍ਰਬੰਧਣ ਕਮੇਟੀਆਂ ਬਨਾਉਣ ਵਿਚ ਰਾਜ ਜੈਵ-ਵਿਭਿੰਨਤਾ ਬੋਰਡਾਂ ਦੀ ਮੱਦਦ ਕੀਤੀ ਹੈ।

**ਜੈਵ-ਵਿਭਿੰਨਤਾ (Biological diversity/ Biodiversity) –** ਸਜੀਵ ਵਸਤਾਂ ਵਿਚ, ਪਾਈ ਜਾਣ ਵਾਲੀ ਸਾਰੇ ਸ੍ਰੋਤਾਂ ਤੋਂ, ਵਿਭਿੰਨਤਾ ਜਿਸ ਵਿੱਚ ਉਨ੍ਹਾਂ ਵਾਤਾਵਰਨੀ ਤਾਣਿਆਂ ਬਾਣਿਆਂ ਦੀ ਵਿਭਿੰਨਤਾ ਜਿਨ੍ਹਾਂ ਦਾ ਕਿ ਉਹ ਇਕ ਹਿੱਸਾ ਹੁੰਦੇ ਹਨ ਵੀ ਸ਼ਾਮਲ ਹਨ। ਕਿਸੇ ਵੀ ਇੱਕ ਪ੍ਰਜਾਤੀ ਦੇ ਅੰਦਰਲੀ ਵਿਭਿੰਨਤਾ ਅਤੇ ਪਰਿਸਥਿਤਿਕ ਪ੍ਰਬੰਧਾਂ ਵਿਚਲੀ ਵਿਭਿੰਨਤਾ ਇਸ ਵਿਚ ਸ਼ਾਮਲ ਹੁੰਦੀ ਹੈ[11]।

**ਜੈਵਿਕ ਸਮੱਗਰੀ (Biological Material) –** 'ਜੈਵ-ਤਕਨੀਕੀ ਖੋਜਾਂ ਦੀ ਕਾਨੂੰਨੀ ਸੁਰੱਖਿਆ ਸਬੰਧੀ ਯੂਰਪੀਅਨ ਯੂਨੀਅਨ ਡਾਇਰੈਕਟਿਵ' ਵਿਚ ਇਸ ਟਰਮ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਗਈ ਹੈ: "ਉਹ ਸਮੱਗਰੀ ਜਿਸ ਵਿਚ ਜੀਨੀ ਸੂਚਨਾ ਮੌਜੂਦ ਹੋਵੇ ਅਤੇ ਜੋ ਆਪਣੀਆਂ ਨਕਲਾਂ (ਆਪਣੇ ਵਰਗੇ ਹੋਰ ਨਮੂਨੇ) ਪੈਦਾ ਕਰਨ ਦੇ ਯੋਗ ਹੋਵੇ ਅਤੇ ਜਾਂ ਜਿਸ ਦੀਆਂ ਨਕਲਾਂ ਕਿਸੇ ਜੈਵਿਕ ਪ੍ਰਣਾਲੀ ਦੇ ਅੰਦਰ ਪੈਦਾ ਕੀਤੀਆਂ ਜਾ ਸਕਦੀਆਂ ਹੋਣ[12]।"

**ਜੈਵਿਕ ਸ੍ਰੋਤ (Biological Resources) –** ਇਸ ਸ਼ਬਦਾਵਲੀ (Term) ਦਾ ਅਰਥ ਹੈ – ਪੌਦੇ, ਪਸ਼ੂ ਅਤੇ ਸੂਖਮ ਜੀਵ ਅਤੇ ਜਾਂ ਫਿਰ ਉਨ੍ਹਾਂ ਦੇ ਹਿੱਸੇ, ਉਨ੍ਹਾਂ ਦੀ ਅਨੁਵੰਸ਼ਕੀ ਸਮੱਗਰੀ ਅਤੇ ਸਹਿ ਉਤਪਾਦ (ਕੀਮਤ-ਵਧਾਏ ਉਤਪਾਦਾਂ ਤੋਂ ਇਲਾਵਾ) ਜਿਨ੍ਹਾਂ ਦੀ ਅਸਲ ਜਾਂ ਸੰਭਾਵੀ ਵਰਤੋਂ/ਕੀਮਤ ਹੋਵੇ ਪਰ ਇਸ ਵਿਚ ਮਨੁੱਖੀ ਅਨੁਵੰਸ਼ਕੀ ਸਮੱਗਰੀ ਸ਼ਾਮਲ ਨਹੀਂ ਹੈ[13]।

---

10 Section 41(1) of the Biological Diversity Act, 2002 (Government of India).

11 Section 2(b) of Biological Diversity Act, 2002 (Government of India).

12 Glossary of key terms related to intellectual property and genetic resources, traditional knowledge and traditional cultural expressions Intergovernmental Committee on Intellectual Property and Genetic Resources, Traditional Knowledge and Folklore, WIPO/GRTKF/IC/25/INF/7, Annex, page 3.

13 Section 2(c) of the Biological Diversity Act, 2002 (Government of India).

**ਜੈਵਿਕ ਬੌਧਿਕ ਚੋਰੀ (Biopiracy) –** ਮਾਲਕਾਂ ਜਾਂ ਸਥਾਨਕ ਲੋਕਾਂ ਜਾਂ ਸਰਕਾਰ ਦੀ ਅਗਾਊਂ ਸੁਚੇਤ ਪ੍ਰਵਾਨਗੀ ਤੋਂ ਬਿਨਾਂ ਜੈਵਿਕ ਸ੍ਰੋਤਾਂ ਨੂੰ ਹਥਿਆਉਣਾ[14]।

**ਬਾਇਓਪ੍ਰਾਸਪੈਕਟਿੰਗ (Bioprospecting) –** ਬਾਇਓਪ੍ਰਾਸਪੈਕਟਿੰਗ ਜਾਂ ਪ੍ਰਾਸਪੈਕਟਿੰਗ ਦਾ ਅਰਥ ਹੈ ਜੈਵਿਕ ਅਤੇ/ਜਾਂ ਅਨੁਵੰਸ਼ਕੀ ਸਮੱਗਰੀ ਦਾ ਇਕੱਤਰਣ, ਉਸ ਉਪਰ ਖੋਜ ਕਾਰਜ ਅਤੇ ਉਸ ਦੀ ਵਰਤੋਂ – ਇਸ ਤਰ੍ਹਾਂ ਹਾਸਲ ਹੋਇਆ ਗਿਆਨ ਵਿਗਿਆਨਕ ਅਤੇ/ਜਾਂ ਵਪਾਰਕ ਉਦੇਸ਼ਾਂ ਲਈ ਵਰਤਿਆ ਜਾਂਦਾ ਹੈ। ਬਾਇਓਪ੍ਰਾਸਪੈਕਟਿੰਗ ਕੁਦਰਤ ਵਿਚੋਂ ਆਰਥਿਕ ਰੂਪ ਨਾਲ ਕੀਮਤੀ ਅਨੁਵੰਸ਼ਕੀ ਅਤੇ ਜੈਵ ਰਸਾਇਣਿਕ ਸ੍ਰੋਤਾਂ ਦੀ ਭਾਲ ਲਈ ਲੋੜੀਂਦੀ ਹੈ[15]।

**ਜੈਵ-ਸਰਵੇਖਣ ਅਤੇ ਜੈਵ-ਵਰਤੋਂ (Bio-Survey and Bio-Utilisation) –** ਕਿਸੇ ਵੀ ਉਦੇਸ਼ ਨਾਲ ਪ੍ਰਜਾਤੀਆਂ, ਉਪ-ਪ੍ਰਜਾਤੀਆਂ, ਜੀਨਾਂ, ਜੈਵਿਕ ਸ੍ਰੋਤਾਂ ਦੇ ਅੰਸ਼ਾਂ ਜਾਂ ਤੱਤਾਂ ਦਾ ਸਰਵੇਖਣ ਜਾਂ ਇਕੱਤਰਨ। ਇਸ ਵਿਚ ਵਰਣਨ, ਸੂਚੀ ਤਿਆਰ ਕਰਨਾ ਅਤੇ ਜੈਵ-ਪਰਖ ਸ਼ਾਮਲ ਹਨ[16]।

**ਜੈਵ ਤਕਨਾਲੌਜੀ (Biotechnology) –** ਇਸ ਦਾ ਅਰਥ ਹੈ ਕੁਝ ਵੀ ਬਨਾਉਣ ਜਾਂ ਬਦਲਣ ਲਈ ਕਿਸੇ ਵੀ ਤਕਨੀਕੀ ਜੁਗਤ ਦੀ ਵਰਤੋਂ ਜਿਸ ਵਿਚ ਜੈਵਿਕ ਪ੍ਰਣਾਲੀਆਂ, ਸਜੀਵ ਜਾਂ ਉਨ੍ਹਾਂ ਦੇ ਅੰਸ਼/ਉਤਪਾਦ ਵਰਤੇ ਜਾਂਦੇ ਹੋਣ[17]।

**ਕਲੀਅਰਿੰਗ ਹਾਊਸ ਮੈਕੇਨਿਜ਼ਮ (Clearing House Mechanism) –** ਕਲੀਅਰਿੰਗ ਹਾਊਸ ਮੈਕੇਨਿਜ਼ਮ ਸਰਕਾਰ ਅਤੇ ਸਹਿਭਾਗੀ ਸੰਸਥਾਵਾਂ ਦਾ ਸੰਸਾਰ ਭਰ ਵਿਚ ਫੈਲਿਆ ਹੋਇਆ ਇਕ ਜਾਲ ਹੈ ਜੋ ਕਿ ਸੂਚਨਾ ਦੇ ਵਟਾਂਦਰੇ ਦੁਆਰਾ ਵਿਗਿਆਨ ਅਤੇ ਤਕਨੀਕੀ ਸਹਿਯੋਗ ਵਧਾਉਂਦਾ ਹੈ[18]।

**ਕੋਡ-ਬੰਦ ਪਰੰਪਰਾਗਤ ਗਿਆਨ (Codified Traditional Knowledge) –** ਇਸ ਦਾ ਅਰਥ ਹੈ ਉਹ ਰਵਾਇਤੀ ਗਿਆਨ ਜੋ ਕਿ ਇਕ ਪ੍ਰਬੰਧਿਤ ਅਤੇ ਢੰਗ ਸਿਰ ਤਿਆਰ ਰੂਪ ਵਿਚ ਹੋਵੇ, ਵਿਵਸਥਿਤ, ਵਰਗੀਕ੍ਰਿਤ ਅਤੇ ਕਿਸੇ ਨਾ ਕਿਸੇ ਰੂਪ ਵਿਚ ਕੈਟੇਗਰੀਆਂ ਵਿਚ ਵੰਡਿਆ ਹੋਇਆ ਹੋਵੇ। ਵਿਸ਼ਵ ਸਿਹਤ ਸੰਗਠਨ ਦੀ ਰਵਾਇਤੀ ਦਵਾ ਸਬੰਧੀ ਟੀਮ ਅਨੁਸਾਰ ਰਵਾਇਤੀ ਦਵਾ-ਸਬੰਧੀ ਵਿਗਿਆਨ ਦੇ ਦੋ ਭਾਗ ਹਨ: (ੳ) ਕੋਡ-ਬੰਦ ਇਕ ਪ੍ਰਣਾਲੀ – ਜੋ ਕਿ ਪੁਰਾਤਨ ਸੰਸਕ੍ਰਿਤ ਗ੍ਰੰਥਾਂ ਵਿਚ ਦਰਸਾਈ ਗਈ

14 Balakrishna, P (2007) UNU-IAS Pocket Guide, Access to Genetic Resources, Benefit Sharing and Bioprospecting, United Nations University-Institute of Advanced Studies, Japan, page 11&12.
15 Ibid
16 Section 2(d) of the Biological Diversity Act, 2002 (Government of India).
17 Article 2 Convention on Biological Diversity (CBD) (www.cbd.int)
18 http://www.chm-cbd.net/accessed on 15.06.2013

ਹੈ ਅਤੇ (ਅ) ਪਰੰਪਰਾਗਤ ਦਵਾ-ਸਬੰਧੀ ਕੋਡ-ਮੁਕਤ ਪ੍ਰਣਾਲੀ ਜੋ ਕਿ ਇਸ ਦੇ ਗਿਆਤਾਵਾਂ ਦੁਆਰਾ ਅਕਸਰ ਪ੍ਰਗਟਾਈ ਨਹੀਂ ਜਾਂਦੀ ਤੇ ਪੀੜ੍ਹੀ ਦਰ ਪੀੜ੍ਹੀ ਜ਼ੁਬਾਨ ਦੁਆਰਾ ਅੱਗੇ ਤੋਰੀ ਜਾਂਦੀ ਹੈ[19]।

**ਸਮੂਹਿਕ ਰਵਾਇਤੀ ਗਿਆਨ (Collective Traditional Knowledge) –** ਇਸ ਦਾ ਅਰਥ ਹੈ – ਉਹ ਰਵਾਇਤੀ ਗਿਆਨ ਜੋ ਸਮੂਹਿਕ ਤੌਰ 'ਤੇ ਪੈਦਾ ਕੀਤਾ ਗਿਆ ਹੋਵੇ ਅਤੇ/ਜਾਂ ਉਹ ਕਿਸੇ ਜੱਦੀ ਸਥਾਨਕ ਜਨ-ਸਮੂਹ ਜਾਂ ਅਜਿਹੇ ਕਿਸੇ ਜਨ-ਸਮੂਹ ਦੇ ਅੰਦਰ ਵਿਅਕਤੀਆਂ ਦੇ ਸਮੂਹਾਂ ਦਾ ਸਮੂਹਿਕ ਗਿਆਨ ਹੋਵੇ[20]।

**ਵਪਾਰਕ ਵਰਤੋਂ (Commercial Utilisation) –** ਇਸ ਦਾ ਅਰਥ ਹੈ – ਵਪਾਰਕ ਉਦੇਸ਼ਾਂ ਜਿਵੇਂ ਕਿ ਦਵਾਈਆਂ, ਉਦਯੋਗਿਕ ਐਨਜ਼ਾਈਮਾਂ, ਭੋਜਨ ਵਿਚ ਵਰਤੇ ਜਾਣ ਵਾਲੇ ਸੁਆਦ-ਰਸਾਇਣਾਂ, ਸੁਗੰਧੀਆਂ, ਸੁੰਦਰਤਾ ਵਰਧਕ ਸਮੱਗਰੀ, ਇਮਲਸੀਫਾਇਰਾਂ, ਓਲਿਓਰੇਜ਼ਿਨਾਂ, ਰੰਗਾਂ, ਸਤਾਂ ਅਤੇ ਅਨੁਵੰਸ਼ਕੀ ਕਾਰਜਾਂ ਰਾਹੀਂ ਫਸਲਾਂ ਅਤੇ ਪਾਲਤੂ ਜੰਤੂਆਂ ਦੀਆਂ ਨਸਲਾਂ ਸੁਧਾਰਨ ਲਈ ਲੋੜੀਂਦੇ ਜੀਨਾਂ ਲਈ ਜੈਵਿਕ ਸ੍ਰੋਤਾਂ ਦੀ ਵਰਤੋਂ; ਪ੍ਰੰਤੂ ਰਵਾਇਤੀ ਜੰਤੂ/ਪੌਦਾ ਪਾਲਣ ਜਾਂ ਕਿਸੇ ਵੀ ਤਰ੍ਹਾਂ ਦੀ ਖੇਤੀਬਾੜੀ, ਬਾਗ਼ਬਾਨੀ, ਪੋਲਟਰੀ, ਡੇਅਰੀ ਧੰਦੇ, ਪਸ਼ੂ ਪਾਲਣ ਜਾਂ ਮਧੂ ਮੱਖੀ ਪਾਲਣ ਵਿਚ ਵਰਤੀਆਂ ਜਾਂਦੀਆਂ ਰਵਾਇਤੀ ਗਤੀਵਿਧੀਆਂ ਇਸ ਵਿਚ ਸ਼ਾਮਲ ਨਹੀਂ ਹਨ[21]।

**ਵਸਤਾਂ (Commodities) –** ਇਹ ਉਹ ਵਸਤਾਂ ਜਾਂ ਸੇਵਾਵਾਂ ਹਨ ਜੋ ਆਮ ਤੌਰ 'ਤੇ ਬਾਜ਼ਾਰ ਵਿਚ ਅਜਿਹੇ ਮੁੱਲ ਵੇਚੀਆਂ ਜਾਣੀਆਂ ਹੁੰਦੀਆਂ ਹਨ ਜਿਸ ਨਾਲ ਉਨ੍ਹਾਂ ਦੀ ਉਤਪਾਦਨ ਲਾਗਤ ਵਸੂਲ ਹੋ ਜਾਂਦੀ ਹੋਵੇ[22]।

**ਸਾਂਝਾ ਸੰਪੱਤੀ ਸੋਮਾ (Common Property Resource) –** ਅਜਿਹੀ ਸੰਪੱਤੀ ਜਿਸ ਉਪਰ ਇਕ ਸਮੂਹ ਦੇ ਪੂਰਨ-ਪਰਿਭਾਸ਼ਿਤ ਸਾਂਝੇ ਦਾਅਵੇ ਸਥਾਪਿਤ ਹੋਣ, ਸੋਮੇ ਦੀ ਵਰਤੋਂ ਘੱਟ ਹੋਵੇ ਅਤੇ ਜਨਤਕ ਵਸਤ ਦੇ ਗੁਣ ਹੋਣ ਜਿਵੇਂ ਕਿ ਅਖੰਡਤਾ। ਅਜਿਹੀ ਸੰਪੱਤੀ ਨੂੰ ਸਾਂਝੀ ਸੰਪੱਤੀ ਕਿਹਾ ਜਾਵੇਗਾ[23]।

---

19 List and Brief technical explanation of various forms in which traditional knowledge may be found, WIPO/GRTKF/IC/17/INF/9, page 6 & 7.

20 Ibid, P13

21 Section 2(f) of the Biological Diversity Act, 2002 (Government of India).

22 OECD Glossary of Statistical Terms (http://stats.oecd.org/glossary/detail.asp?ID=1816)

23 Pati, A (2006) Development Paradigms, Feminist Perspectives and Commons: A Theoretical Intersection, paper presented at the 11th Biennial Conference of the International Association for the Study of Common Property (IASCP), Bali, Indonesia. page 17

**ਸਲਾਹ-ਮਸ਼ਵਰਾ (Consultation) –** 'ਬਲੈਕਸ ਲਾਅ ਡਿਕਸ਼ਨਰੀ' ਦੇ ਅਨੁਸਾਰ ਸਲਾਹ-ਮਸ਼ਵਰਾ ਦਾ ਅਰਥ ਹੈ - ਕਿਸੇ ਤੋਂ ਸਿੱਖਿਆ ਜਾਂ ਰਾਇ ਮੰਗਣ ਦਾ ਕਾਰਜ। ਇਕ ਹੋਰ ਸੋਮੇ ਅਨੁਸਾਰ ਸਲਾਹ-ਮਸ਼ਵਰਾ ਦਾ ਅਰਥ ਹੈ ਉਹ ਪ੍ਰਕਿਰਿਆ ਜਿਸ ਵਿਚ ਲੋਕ ਵਿਚਾਰਾਂ ਅਤੇ ਸੂਚਨਾ ਦਾ ਅਦਾਨ-ਪ੍ਰਦਾਨ ਕਰਦੇ ਹਨ। ਇਹ ਕੇਵਲ ਇਕ ਪ੍ਰਕਿਰਿਆ ਨਹੀਂ, ਸਗੋਂ ਗਿਆਨ ਸਾਂਝੇ ਕਰਨ ਦਾ ਤਰੀਕਾ ਹੈ। ਸਲਾਹ-ਮਸ਼ਵਰਾ ਦਾ ਅਰਥ ਹੈ ਇਕੱਠੇ ਕੰਮ ਕਰਨਾ, ਦੂਸਰੇ ਦੀ ਗੱਲ ਸੁਣਨਾ ਅਤੇ ਉਸ ਉਪਰ ਕਾਰਵਾਈ ਕਰਨਾ। ਕੁਝ ਸ੍ਰੋਤਾਂ ਅਨੁਸਾਰ, ਜੱਦੀ ਜਨ-ਸਮੂਹਾਂ ਵਿਚ ਸਲਾਹ-ਮਸ਼ਵਰਾ ਅਤੇ ਸਹਿਮਤੀ ਇਕ-ਦੂਜੇ ਨਾਲ ਜੁੜੇ ਹੋਏ ਹੁੰਦੇ ਹਨ। ਸਲਾਹ-ਮਸ਼ਵਰੇ ਰਾਹੀਂ ਤੀਜੀ ਧਿਰ ਉਪਭੋਗਤਾ ਨੂੰ ਇਸ ਗੱਲ ਦੀ ਸਮਝ ਲੱਗ ਸਕਦੀ ਹੈ ਕਿ ਕਿਸ ਗੱਲ ਲਈ ਸਹਿਮਤੀ ਦੀ ਲੋੜ ਹੁੰਦੀ ਹੈ ਅਤੇ ਉਹ ਢੁਕਵੇਂ ਲੋਕ ਕੌਣ ਹਨ ਜਿਨ੍ਹਾਂ ਨੇ ਇਹ ਦੇਣੀ ਹੁੰਦੀ ਹੈ, ਇਸੇ ਤਰ੍ਹਾਂ ਸਹਿਮਤੀ ਦੇ ਰਹੇ ਲੋਕਾਂ ਨੂੰ ਇਸ ਗੱਲ ਦੀ ਬੇਹਤਰ ਸਮਝ ਲੱਗ ਸਕਦੀ ਹੈ ਕਿ ਉਹ ਕਿਸ ਗੱਲ ਲਈ ਸਹਿਮਤੀ ਦੇ ਰਹੇ ਹਨ। ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਸੰਧੀ 169, ਜੋ ਕਿ ਅਜ਼ਾਦ ਦੇਸ਼ਾਂ ਵਿਚ ਜੱਦੀ ਅਤੇ ਕਬੀਲਾਈ ਲੋਕਾਂ ਨਾਲ ਸਬੰਧਤ ਹੈ, ਕਹਿੰਦੀ ਹੈ ਕਿ ਸਲਾਹ-ਮਸ਼ਵਰਾ ਆਪਸੀ ਵਿਸ਼ਵਾਸ ਦੇ ਮਾਹੌਲ ਵਿਚ ਅਤੇ ਉਸ ਰੂਪ ਵਿਚ ਹੋਣਾ ਚਾਹੀਦਾ ਹੈ ਜੋ ਹਾਲਾਤਾਂ ਅਨੁਸਾਰ ਢੁਕਵਾਂ ਹੋਵੇ ਅਤੇ ਇਸ ਸਲਾਹ-ਮਸ਼ਵਰੇ ਦਾ ਉਦੇਸ਼ ਹੋਣਾ ਚਾਹੀਦਾ ਹੈ - ਤਜਵੀਜ਼ਤ ਉਪਾਵਾਂ ਪ੍ਰਤੀ ਸਹਿਮਤੀ ਜਾਂ ਸਮਝੌਤੇ ਦੀ ਪ੍ਰਾਪਤੀ" (ਆਰਟੀਕਲ 6(2))[24]।

**ਜੈਵ-ਵਿਭਿੰਨਤਾ ਸਬੰਧੀ ਸੰਧੀ (Convention on Biological Diversity (CBD)) –** ਜੈਵ-ਵਿਭਿੰਨਤਾ ਸਬੰਧੀ ਸੰਧੀ ਜਿਸ ਨੂੰ ਆਮ ਭਾਸ਼ਾ ਵਿਚ ਜੈਵ-ਵਿਭਿੰਨਤਾ ਸੰਧੀ ਕਿਹਾ ਜਾਂਦਾ ਹੈ, ਇਕ ਅੰਤਰਰਾਸ਼ਟਰੀ ਅਤੇ ਕਾਨੂੰਨੀ ਤੌਰ 'ਤੇ ਜ਼ਰੂਰੀ ਸੰਧੀ ਹੈ ਜੋ ਕਿ 29 ਦਿਸੰਬਰ, 1993 ਨੂੰ ਪ੍ਰਭਾਵਸ਼ੀਲ ਹੋਈ ਅਤੇ ਜਿਸ ਦੇ ਤਿੰਨ ਮੁੱਖ ਉਦੇਸ਼ ਹਨ: (ੳ) ਜੈਵ-ਵਿਭਿੰਨਤਾ ਦੀ ਸਾਂਭ-ਸੰਭਾਲ (ਅ) ਇਸ ਦੇ ਅੰਸ਼ਾਂ ਦੀ ਟਿਕਾਊ ਵਰਤੋਂ ਅਤੇ (ੲ) ਅਨੁਵੰਸ਼ਿਕੀ ਸੋਮਿਆਂ ਦੀ ਵਰਤੋਂ ਤੋਂ ਹੋਣ ਵਾਲੇ ਲਾਭਾਂ ਦੀ ਵਾਜਬ ਅਤੇ ਨਿਆਂਸੰਗਤ/ਬਰਾਬਰ ਵੰਡ[25]।

**ਕਾਪੀਰਾਈਟ (Copyright) –** 'ਕਾਪੀਰਾਈਟ' ਇਕ ਕਾਨੂੰਨੀ ਟਰਮ ਹੈ ਜੋ ਕਿ ਸਾਹਿਤਿਕ ਅਤੇ ਕਲਾ ਦੇ ਕੰਮਾਂ (ਜਿਵੇਂ ਕਿ ਨਾਵਲਾਂ, ਕਵਿਤਾਵਾਂ ਅਤੇ ਨਾਟਕਾਂ, ਫਿਲਮਾਂ, ਸੰਗੀਤਕ ਰਚਨਾਵਾਂ, ਡਰਾਇੰਗਾਂ, ਚਿੱਤਰਾਂ,

24 Glossary of key terms related to intellectual property and genetic resources, traditional knowledge and traditional cultural expressions Intergovernmental Committee on Intellectual Property and Genetic Resources, Traditional Knowledge and Folklore, WIPO/GRTKF/IC/25/INF/7, Annex, page 5

25 http://en.wikipedia.org/wiki/Convention_on_Biological_Diversity accessed on 18.06.2013

ਫੋਟੋਆਂ ਅਤੇ ਮੂਰਤੀਆਂ), ਕੰਪਿਊਟਰ ਸਾਫਟਵੇਅਰਾਂ, ਡਾਟਾ-ਅਧਾਰਾਂ ਅਤੇ ਇਮਾਰਤ ਸਾਜ਼ੀ ਦੇ ਡਿਜ਼ਾਈਨਾਂ ਉਪਰ ਮੌਜੂਦ ਉਨ੍ਹਾਂ ਦੇ ਸਿਰਜਣਹਾਰਿਆਂ ਦੇ ਅਧਿਕਾਰਾਂ ਦਾ ਵਰਣਨ ਕਰਨ ਲਈ ਵਰਤੀ ਜਾਂਦੀ ਹੈ[26]।

**ਉਤਪੱਤੀ-ਮੁਲਕ (Country of Origin) –** ਉਹ ਮੁਲਕ ਜਿਥੋਂ ਅਨੁਵੰਸ਼ਿਕੀ ਸੋਮੇ ਅਤੇ/ਜਾਂ ਜੈਵਿਕ ਸਮੱਗਰੀ ਉਤਪੰਨ ਹੋਈ[27]।

**ਸੱਭਿਆਚਾਰਕ ਵਿਭਿੰਨਤਾ (Cultural Diversity) –** ਇਸ ਦਾ ਅਰਥ ਹੈ – ਉਹ ਵਿਭਿੰਨ ਤਰੀਕੇ ਜਿਨ੍ਹਾਂ ਰਾਹੀਂ ਸਮੂਹਾਂ ਅਤੇ ਸਮਾਜਾਂ ਦੇ ਸੱਭਿਆਚਾਰਾਂ ਦਾ ਪ੍ਰਗਟਾਵਾ ਹੁੰਦਾ ਹੈ। ਇਹ ਪ੍ਰਗਟਾਵੇ ਸਮੂਹਾਂ ਅਤੇ ਸਮਾਜਾਂ ਦੇ ਆਪਣੇ ਅੰਦਰੋ-ਅੰਦਰ ਅਤੇ ਇਕ ਤੋਂ ਦੂਜੇ ਦੇ ਵਿਚਕਾਰ ਅੱਗੇ ਦੀ ਅੱਗੇ ਚਲਦੇ ਹਨ[28]।

**ਸੱਭਿਆਚਾਰਕ ਪ੍ਰਗਟਾਵੇ (Cultural Expressions) –** ਪਰਿਭਾਸ਼ਾ ਅਨੁਸਾਰ ਇਸ ਟਰਮ ਦਾ ਅਰਥ ਹੈ – ਉਹ ਪ੍ਰਗਟਾਵੇ ਜੋ ਵਿਅਕਤੀਆਂ, ਸਮੂਹਾਂ ਅਤੇ ਸਮਾਜਾਂ ਦੀ ਰਚਨਾਤਮਕਤਾ ਤੋਂ ਉਪਜਦੇ ਹਨ ਅਤੇ ਜਿਨ੍ਹਾਂ ਵਿਚ ਸੱਭਿਆਚਾਰਕ ਅੰਸ਼ ਹੁੰਦਾ ਹੈ[29]।

**ਸੱਭਿਆਚਾਰਕ ਪ੍ਰਭਾਵ ਮੁਲਾਂਕਣ (Cultural Impact Assessment) –** ਤਜਵੀਜ਼ਤ ਵਿਕਾਸ ਨਾਲ ਕਿਸੇ ਖਾਸ ਦਲ ਜਾਂ ਜਨ-ਸਮੂਹ ਦੇ ਜਿਉਣ-ਢੰਗ ਉਪਰ ਪੈ ਸਕਣ ਵਾਲੇ ਪ੍ਰਭਾਵਾਂ ਦਾ ਮੁਲਾਂਕਣ ਕਰਨ ਦੀ ਉਹ ਵਿਧੀ ਜਿਸ ਵਿਚ ਉਸ ਖਾਸ ਦਲ ਜਾਂ ਜਨ-ਸਮੂਹ ਦੀ ਪੂਰੀ ਸ਼ਮੂਲੀਅਤ ਹੋਵੇ ਅਤੇ ਜੇ ਹੋ ਸਕੇ ਤਾਂ ਉਸੇ ਖਾਸ ਦਲ ਜਾਂ ਜਨ-ਸਮੂਹ ਦੁਆਰਾ ਇਹ ਕੰਮ (ਮੁਲਾਂਕਣ) ਕੀਤਾ ਜਾਵੇ[30]।

**ਨਿਗਰਾਨ (Custodian) –** ਇਸ ਦਾ ਅਰਥ ਹੈ – ਉਹ ਜਨ-ਸਮੂਹ, ਲੋਕ, ਵਿਅਕਤੀ ਅਤੇ ਹੋਰ ਇਕਾਈਆਂ ਜੋ, ਰਸਮੀ ਕਾਨੂੰਨਾਂ ਅਤੇ ਹੋਰ ਗਤੀਵਿਧੀਆਂ ਅਨੁਸਾਰ, ਪਰੰਪਰਾਗਤ ਗਿਆਨ ਨੂੰ ਕਾਇਮ ਰੱਖਦੇ, ਵਰਤਦੇ ਅਤੇ ਵਿਕਸਿਤ ਕਰਦੇ ਹਨ[31]।

---

26 http://www.wipo.int/copyright/en/accessed on 21.07.2013

27 Balakrishna, P (2007) UNU-IAS Pocket Guide, Access to Genetic Resources, Benefit Sharing and Bioprospecting, United Nations University-Institute of Advanced Studies, Japan, page 12

28 Glossary of key terms related to intellectual property and genetic resources, traditional knowledge and traditional cultural expressions Intergovernmental Committee on Intellectual Property and Genetic Resources, Traditional Knowledge and Folklore, WIPO/GRTKF/IC/25/INF/7, Annex, page 6.

29 Glossary of key terms related to intellectual property and genetic resources, traditional knowledge and traditional cultural expressions Intergovernmental Committee on Intellectual Property and Genetic Resources, Traditional Knowledge and Folklore, WIPO/GRTKF/IC/25/INF/7, Annex, page 6

30 Akwe:Kon Guidelines (2004) The Secretariat of the Convention on Biological Diversity (CBD) page 6

31 http:/www.wipo.int/edocs/mdocs/tk/enwipo_grtkf_iwg_2/wipo_grtkf_iwg_2_inf_2.pdf

**ਰਸਮੀ ਕਾਨੂੰਨ (Customary Law) –** ਸਥਾਨਕ ਤੌਰ 'ਤੇ ਮਾਨਤਾ ਪ੍ਰਾਪਤ ਸਿਧਾਂਤ ਅਤੇ ਹੋਰ ਵਧੇਰੇ ਖਾਸ ਨਾਰਮ ਅਤੇ ਨਿਯਮ ਜੋ ਮੌਖਿਕ ਰੂਪ ਵਿਚ ਹੁੰਦੇ ਹਨ ਤੇ ਅੱਗੇ ਸੰਚਾਰਿਤ ਹੁੰਦੇ ਹਨ; ਜਿਨ੍ਹਾਂ ਨੂੰ ਜਨ-ਸਮੂਹ ਸੰਸਥਾਵਾਂ ਜੀਵਨ ਦੇ ਸਾਰੇ ਪਹਿਲੂਆਂ ਨੂੰ ਅੰਦਰੂਨੀ ਤੌਰ 'ਤੇ ਸ਼ਾਸਿਤ ਕਰਨ ਜਾਂ ਅਗਵਾਈ ਦੇਣ ਲਈ ਵਰਤਦੀਆਂ ਹਨ[32]।

**ਵਿਉਂਤਪਨ ਤੱਤ (Derivatives) –** ਕੁਦਰਤੀ ਤੌਰ 'ਤੇ ਮਿਲਣ ਵਾਲੇ ਜੈਵ-ਰਸਾਇਣ ਉਤਪਾਦ ਜੋ ਕਿ ਜੈਵਿਕ ਜਾਂ ਅਨੁਵੰਸ਼ਿਕ ਸ੍ਰੋਤਾਂ ਦੀ ਢਾਹ-ਉਸਾਰੂ ਕਿਰਿਆ ਜਾਂ ਅਨੁਵੰਸ਼ਿਕੀ ਪ੍ਰਗਟਾਵੇ ਤੋਂ ਉਤਪੰਨ ਹੁੰਦੇ ਹਨ, ਭਾਵੇਂ ਕਿ ਇਨ੍ਹਾਂ ਵਿਚ ਅਨੁਵੰਸ਼ਿਕਤਾ ਦੀਆਂ ਕਾਰਜਸ਼ੀਲ ਇਕਾਈਆਂ ਨਾ ਹੋਣ[33]।

**ਸਿੱਧੀ-ਵਰਤੋਂ-ਕੀਮਤਾਂ (Direct use values) –** ਕਿਸੇ ਜੈਵਿਕ ਜਾਂ ਸ੍ਰੋਤ ਪ੍ਰਣਾਲੀ ਦੀ ਸਿੱਧੀ ਵਰਤੋਂ ਜਾਂ ਅੰਤਰ ਸਬੰਧ ਰਾਹੀਂ ਪ੍ਰਾਪਤ ਆਰਥਿਕ ਕੀਮਤਾਂ[34]।

**ਜ਼ਾਹਰ ਪਰੰਪਰਾਗਤ ਗਿਆਨ (Disclosed Traditional Knowledge) –** ਇਸ ਤੋਂ ਭਾਵ ਉਹ ਪਰੰਪਰਾਗਤ ਗਿਆਨ ਹੈ ਜੋ ਉਨ੍ਹਾਂ ਵਿਅਕਤੀਆਂ ਦੀ ਪਹੁੰਚ ਦੇ ਅੰਦਰ ਹੈ ਜੋ ਕਿ ਪਰੰਪਰਾਗਤ ਗਿਆਨ ਦੇ ਧਾਰਕਾਂ ਵਜੋਂ ਜਾਣੇ ਜਾਂਦੇ ਜੱਦੀ ਜਾਂ ਸਥਾਨਕ ਜਨਸਮੂਹ ਤੋਂ ਬਾਹਰ ਹੋਣ। ਅਜਿਹਾ ਪਰੰਪਰਾਗਤ ਗਿਆਨ ਦੂਰ ਦੁਰਾਡੇ ਦੇ ਲੋਕਾਂ ਦੀ ਪਹੁੰਚ ਵਿੱਚ ਹੋ ਸਕਦਾ ਹੈ ਅਤੇ ਭੌਤਿਕ ਦਸਤਾਵੇਜ਼ਾਂ, ਇੰਟਰਨੈੱਟ ਅਤੇ ਦੂਰ ਸੰਚਾਰ ਜਾਂ ਰਿਕਾਰਡਿੰਗ ਦੇ ਹੋਰ ਸਾਧਨਾਂ ਦੁਆਰਾ ਇਸ ਨੂੰ ਦੇਖਿਆ-ਫਰੋਲਿਆ ਜਾ ਸਕਦਾ ਹੈ। ਅਜਿਹਾ ਪਰੰਪਰਾਗਤ ਗਿਆਨ ਤੀਜੀਆਂ ਧਿਰਾਂ ਨੂੰ ਜਾਂ ਜੱਦੀ ਅਤੇ ਸਥਾਨਕ ਜਨ-ਸਮੂਹਾਂ (ਜਿਨ੍ਹਾਂ ਤੋਂ ਇਸ ਪਰੰਪਰਾਗਤ ਗਿਆਨ ਦੀ ਉਤਪੱਤੀ ਹੋਈ ਸੀ) ਦੇ ਗ਼ੈਰ ਮੈਂਬਰਾਂ ਨੂੰ ਦੱਸਿਆ ਜਾ ਸਕਦਾ ਹੈ - ਇਸ ਕੰਮ ਲਈ ਜੱਦੀ ਅਤੇ ਸਥਾਨਕ ਜਨ-ਸਮੂਹਾਂ ਤੋਂ ਅਧਿਕਾਰ ਲੈਣ ਦੀ ਕੋਈ ਪੱਕੀ ਲੋੜ ਨਹੀਂ ਹੁੰਦੀ[35]।

**ਪ੍ਰਗਟਾਵਾ (Disclosure) –** ਪਹਿਲਾਂ ਨਾ ਜਾਣੀ ਜਾਂਦੀ ਕਿਸੇ ਵਸਤੂ ਨੂੰ ਜਾਣਕਾਰੀ ਵਿਚ ਲਿਆਉਣ ਜਾਂ ਤੱਥ ਉਜਾਗਰ ਕਰਨ ਨੂੰ ਪ੍ਰਗਟਾਵਾ ਕਹਿੰਦੇ ਹਨ[36]।

---

32 http://www.wipo.int/export/sites/www/tk/en/igc/ngo/iied_commrights.pdf
33 Article 2(e) of Nagoya Protocol
34 http://biodiversity-chm.eea.europa.eu
35 List and Brief technical explanation of various forms in which traditional knowledge may be found, WIPO/GRTKF/IC/17/INF/9.
36 Glossary of key terms related to intellectual property and genetic resources, traditional knowledge and traditional cultural expressions Intergovernmental Committee on Intellectual Property and Genetic Resources, Traditional Knowledge and Folklore, WIPO/GRTKF/IC/25/INF/7, Annex, page 11

**ਦਸਤਾਵੇਜ਼ੀਕਰਨ (Documentation) –** ਆਕਸਫੋਰਡ ਇੰਗਲਿਸ਼ ਡਿਕਸ਼ਨਰੀ ਅਨੁਸਾਰ "ਦਸਤਾਵੇਜ਼ੀਕਰਨ" ਦੀ ਪਰਿਭਾਸ਼ਾ ਹੈ – ਸੂਚਨਾ ਦਾ ਇਕੱਤਰਨ, ਵਰਗੀਕਰਨ ਅਤੇ ਫੈਲਾਅ; ਇਕੱਠੀ ਕੀਤੀ ਗਈ ਸਮੱਗਰੀ। ਪਰੰਪਰਾਗਤ ਗਿਆਨ ਅਤੇ ਪਰੰਪਰਾਗਤ ਸੱਭਿਆਚਾਰਕ ਪ੍ਰਗਟਾਵਿਆਂ ਦੇ ਦਸਤਾਵੇਜ਼ੀਕਰਨ ਵਿਚ ਸ਼ਾਮਿਲ ਹੋ ਸਕਦੇ ਨੇ – ਉਨ੍ਹਾਂ ਨੂੰ ਰਿਕਾਰਡ ਕਰਨਾ, ਲਿਖਣਾ, ਉਨ੍ਹਾਂ ਦੀਆਂ ਤਸਵੀਰਾਂ ਜਾਂ ਫਿਲਮਾਂ ਬਨਾਉਣਾ – ਅਜਿਹਾ ਕੁਝ ਵੀ ਕਰਨਾ ਜਿਸ ਵਿਚ ਉਨ੍ਹਾਂ ਨੂੰ ਅਜਿਹੇ ਤਰੀਕੇ ਨਾਲ ਰਿਕਾਰਡ ਕੀਤਾ ਜਾਵੇ ਕਿ ਉਨ੍ਹਾਂ ਦੀ ਸੰਭਾਲ ਹੋ ਸਕੇ ਅਤੇ ਉਹ ਦੂਜਿਆਂ ਲਈ ਉਪਲਬਧ ਹੋ ਸਕਣ। ਪਰੰਪਰਾਗਤ ਗਿਆਨ ਅਤੇ ਪਰੰਪਰਾਗਤ ਸੱਭਿਆਚਾਰਕ ਪ੍ਰਗਟਾਵਿਆਂ ਨੂੰ ਸੰਭਾਲਣ ਅਤੇ ਉਨ੍ਹਾਂ ਨੂੰ ਜਨ-ਸਮੂਹ ਦੇ ਅੰਦਰ-ਅੰਦਰ ਇਕ-ਦੂਜੇ ਤੱਕ ਪਹੁੰਚਾਉਣ ਦੇ ਪਰੰਪਰਾਗਤ ਤਰੀਕੇ ਇਸ ਵਿਚ ਨਹੀਂ ਆਉਂਦੇ। ਦਸਤਾਵੇਜ਼ੀਕਰਨ ਵਿਸ਼ੇਸ਼ ਮਹੱਤਵ ਰੱਖਦਾ ਹੈ ਕਿਉਂਕਿ ਅਕਸਰ ਇਹੀ ਇੱਕ ਤਰੀਕਾ ਹੁੰਦਾ ਹੈ ਜਿਸ ਰਾਹੀਂ ਪਰੰਪਰਾਗਤ ਚੱਕਰ ਤੋਂ ਬਾਹਰਲੇ ਲੋਕਾਂ ਨੂੰ ਪਰੰਪਰਾਗਤ ਗਿਆਨ ਬਾਰੇ ਪਤਾ ਲੱਗ ਸਕਦਾ ਹੈ[37]।

**ਪਰਿਸਥਿਤਿਕ ਪ੍ਰਬੰਧ (Ecosystem) –** ਜੈਵ ਮੰਡਲ ਦੀ ਇੱਕ ਰਚਨਾਤਮਕ ਅਤੇ ਕਿਰਿਆਤਮਕ ਇਕਾਈ ਜਾਂ ਕੁਦਰਤ ਦਾ ਇਕ ਟੁਕੜਾ ਜੋ ਸਜੀਵ ਵਸਤਾਂ ਤੇ ਭੌਤਿਕ ਵਾਤਾਰਨ ਤੋਂ ਅਤੇ ਉਨ੍ਹਾਂ ਵਿਚਲੀ ਅੰਤਰ-ਕਿਰਿਆ ਤੇ ਉਨ੍ਹਾਂ ਵਿਚਕਾਰ ਪਦਾਰਥਾਂ ਦੇ ਵਟਾਂਦਰੇ ਤੋਂ ਮਿਲ ਕੇ ਬਣਦਾ ਹੈ[38]।

**ਪਰਿਸਥਿਤਿਕ ਵਿਭਿੰਨਤਾ (Ecosystem Diversity) –** ਵਿਭਿੰਨ ਭੌਤਿਕ ਹਾਲਾਤਾਂ ਵਿਚ ਮਿਲਣ ਵਾਲੀਆਂ ਪ੍ਰਜਾਤੀਆਂ ਅਤੇ ਵਾਤਾਵਰਨੀ ਪ੍ਰਕਿਰਿਆਵਾਂ ਦੀ ਵੰਨਗੀ[39]।

**ਅੰਤਰਜਾਤ ਵਿਕਾਸ (Endogenous Development) –** ਇਕ ਅਜਿਹਾ ਵਿਕਾਸ ਜੋ ਕਿ ਮੁੱਖ ਰੂਪ ਨਾਲ (ਪਰ ਇਕਲੌਤੇ ਰੂਪ ਨਾਲ ਨਹੀਂ) ਸਥਾਨਕ ਤੌਰ 'ਤੇ ਉਪਲਬਧ ਸ੍ਰੋਤਾਂ, ਸਥਾਨਕ ਗਿਆਨ, ਸੱਭਿਆਚਾਰ ਅਤੇ ਅਗਵਾਈ ਉੱਤੇ ਅਧਾਰਰਿਤ ਹੋਵੇ ਅਤੇ ਜੋ ਪਰੰਪਰਾਗਤ ਤੇ ਬਾਹਰੀ ਗਿਆਨ ਅਤੇ ਗਤੀਵਿਧੀਆਂ ਨੂੰ ਆਪਣੇ ਵਿਚ ਸਮੋਣ ਦੀ ਖੁੱਲ੍ਹ ਰੱਖਦਾ ਹੋਵੇ। ਸਥਾਨਕ ਸਿਖਲਾਈ ਅਤੇ ਤਜ਼ਰਬੇਕਾਰੀ, ਸਥਾਨਕ ਅਰਥਚਾਰੇ ਬਨਾਉਣ ਅਤੇ ਲਾਭਾਂ ਨੂੰ ਸਥਾਨਕ ਖੇਤਰ ਵਿਚ ਰੱਖਣ ਦੀ ਇਸ ਵਿਚ ਸਮਰੱਥਾ ਹੁੰਦੀ ਹੈ[40]।

---

37 Ibid.
38 http://www.tutorvista.com/content/biology/biology-iv/ecosystem/ecosystem-accessed on 11.06.2013
39 http://en.wikipedia.org/wiki/Ecosysem_diversity accessed on 11.06.2013
40 Learning Endogenous Development-Building on Bio-cultural Diversity (2007) Forward by Rigoberta Menchu, COMPAS, ISBN 978 185339 664 9

**ਵਾਤਾਵਰਨੀ ਪ੍ਰਭਾਵ ਮੁਲਾਂਕਣ (Environmental Impact Assessment (EIA)) –** ਕਿਸੇ ਤਜਵੀਜ਼ਤ ਵਿਕਾਸ ਕਾਰਜ ਦੇ ਹੋ ਸਕਣ ਵਾਲੇ ਵਾਤਾਵਰਨੀ ਪ੍ਰਭਾਵਾਂ ਦਾ ਮੁਲਾਂਕਣ ਅਤੇ ਉਚਿਤ ਹੱਲ ਸੁਝਾਉਣ ਦੀ ਪ੍ਰਕਿਰਿਆ ਜਿਸ ਵਿਚ ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਮਨੁੱਖੀ ਸਿਹਤ ਸਬੰਧੀ ਪ੍ਰਭਾਵ (ਜੋ ਕਿ ਇਕ-ਦੂਜੇ ਨਾਲ ਜੁੜੇ ਹੁੰਦੇ ਹਨ) – ਚੰਗੇ ਅਤੇ ਮਾੜੇ ਦੋਵੇਂ ਗਿਣੇ ਜਾਂਦੇ ਹਨ[41]।

**ਕਾਰਜ ਦੁਆਰਾ ਪ੍ਰਗਟਾਵਾ (Expression by Action) –** ਇਸ ਨੂੰ "ਮਨੁੱਖੀ ਸਰੀਰ ਦਾ ਪ੍ਰਗਟਾਵਾ" ਕਿਹਾ ਜਾਂਦਾ ਹੈ। ਇਸ ਵਿਚ ਲੋਕ ਨਾਚ, ਨਾਟਕ ਅਤੇ ਰੀਤਿ-ਰਿਵਾਜ਼ਾਂ ਦੇ ਕਲਾਤਮਕ ਰੂਪ ਸ਼ਾਮਲ ਹੋ ਸਕਦੇ ਹਨ। ਇਸ ਨੂੰ ਪਦਾਰਥਕ ਰੂਪ ਜਿਵੇਂ ਕਿ ਕੋਰੀਓਗ੍ਰਾਫੀ ਰੂਪ ਵਿਚ ਲਿਖਿਆ ਹੋਵੇ ਤੱਕ ਸੀਮਿਤ ਕਰਨ ਦੀ ਲੋੜ ਨਹੀਂ[42]।

**ਲੋਕ ਧਾਰਾ ਦੇ ਪ੍ਰਗਟਾਵੇ (Expressions of Folklore) –** ਡਬਲਿਊ.ਆਈ.ਪੀ.ਓ. – ਯੂਨੈਸਕੋ ਦੀਆਂ ਆਦਰਸ਼ ਪ੍ਰੋਵਿਜ਼ਨਾਂ ਅਨੁਸਾਰ "ਲੋਕਧਾਰਾ ਦੇ ਪ੍ਰਗਟਾਵੇ" ਉਹ ਪ੍ਰੋਡਕਸ਼ਨਾਂ ਹਨ ਜੋ ਰਵਾਇਤੀ ਕਲਾਤਮਕ ਵਿਰਾਸਤ ਦੇ ਅੰਸ਼ਾਂ ਤੋਂ ਬਣੀਆਂ ਹੁੰਦੀਆਂ ਹਨ – ਉਹ ਵਿਰਾਸਤ ਜੋ ਕਿ ਕਿਸੇ ਦੇਸ਼ ਦੇ ਕਿਸੇ ਜਨ-ਸਮੂਹ ਜਾਂ ਕੱਲੇ-ਕਾਰੇ ਵਿਅਕਤੀਆਂ ਨੇ ਵਿਕਸਿਤ ਕੀਤੀ ਅਤੇ ਸੰਭਾਲੀ ਹੋਈ ਹੁੰਦੀ ਹੈ ਅਤੇ ਜੋ ਉਸ ਜਨ-ਸਮੂਹ ਦੀਆਂ ਪਰੰਪਰਾਗਤ ਕਲਾਤਮਕ ਉਮੀਦਾਂ ਨੂੰ ਦਰਸਾਉਂਦੀ ਹੈ, ਖਾਸ ਤੌਰ 'ਤੇ: ਜ਼ੁਬਾਨੀ ਪ੍ਰਗਟਾਵੇ (ਲੋਕ-ਕਥਾਵਾਂ, ਲੋਕ-ਕਾਵਿ ਅਤੇ ਬੁਝਾਰਤਾਂ), ਸੰਗੀਤਕ ਪ੍ਰਗਟਾਵੇ (ਲੋਕ-ਗੀਤ ਅਤੇ ਸਾਜਮਈ ਸੰਗੀਤ); ਕਿਰਿਆਤਮਕ ਪ੍ਰਗਟਾਵੇ (ਲੋਕ ਨਾਚ, ਨਾਟਕ ਅਤੇ ਕਲਾਤਮਕ ਰੂਪ ਜਾਂ ਰੀਤਿ-ਰਿਵਾਜ਼) ਅਤੇ ਸਪਰਸ਼ੀ/ਭੌਤਿਕ ਪ੍ਰਗਟਾਵੇ। ਅੰਤਰਸਰਕਾਰੀ ਕਮੇਟੀ ਦੇ ਪ੍ਰਸੰਗ ਵਿਚ ਪਰਿਭਾਸ਼ਿਕ ਸ਼ਬਦ "ਪਰੰਪਰਾਗਤ ਸੱਭਿਆਚਾਰਕ ਪ੍ਰਗਟਾਵੇ" ਅਤੇ "ਲੋਕਧਾਰਾ ਦੇ ਪ੍ਰਗਟਾਵੇ" ਸਮ-ਅਰਥ ਸ਼ਬਦ ਹਨ ਅਤੇ ਇਕ ਦੂਜੇ ਦੇ ਬਦਲ ਦੇ ਰੂਪ ਵਿਚ ਵਰਤੇ ਜਾਂਦੇ ਹਨ[43]।

**ਸਥਿਰ ਰਵਾਇਤੀ ਗਿਆਨ (Fixed Traditional Knowledge) –** ਇਸ ਦਾ ਅਰਥ ਹੈ – ਉਹ ਰਵਾਇਤੀ ਗਿਆਨ ਜੋ ਕਿ ਕਾਫੀ ਹੱਦ ਤੱਕ ਸਥਾਈ ਸਮੱਗਰੀ ਜਾਂ ਭੌਤਿਕ ਰੂਪ ਵਿਚ ਦਰਜ ਕੀਤਾ ਹੋਇਆ ਹੋਵੇ[44]।

41 Akwe:Kon Guidelines (2004) The Secretariat of the Convention on Biological Diversity (CBD), page 7
42 http://www.wipo.int/export/sites/www/tk/en/igc/ngo/iied_commrights.pdf
43 Glossary of key terms related to intellectual property and genetic resources, traditional knowledge and traditional cultural expressions Intergovernmental Committee on Intellectual Property and Genetic Resources, Traditional Knowledge and Folkore, WIPO/GRTKF/IC/25/INF/7, Annex, page 13
44 List and Brief technical explanation of various forms in which traditional knowledge may be found, WIPO/GRTKF/IC/17/INF/9, page 4

**ਲੋਕ-ਵੰਨਗੀ/ਕਿਸਮਾਂ (Folk Variety) –** ਪੌਦੇ ਦੀ ਕੋਈ ਪਾਲਤੂ ਕਿਸਮ ਜੋ ਕਿ ਕਿਸਾਨਾਂ ਨੇ ਵਿਕਸਿਤ ਕੀਤੀ ਸੀ, ਬੀਜੀ ਸੀ ਅਤੇ ਅਣਰਸਮੀ ਤੌਰ 'ਤੇ ਆਪਸ ਵਿਚ ਉਸ ਦਾ ਲੈਣ-ਦੇਣ ਕੀਤਾ ਸੀ[45]।

**ਲੋਕ ਧਾਰਾ (Folklore) –** ਸੰਯੁਕਤ ਰਾਸ਼ਟਰ ਸਿੱਖਿਆ, ਵਿਗਿਆਨ ਅਤੇ ਸੱਭਿਆਚਾਰ ਸੰਗਠਨ (ਯੂਨੈਸਕੋ) ਦੀਆਂ ਰਵਾਇਤੀ ਸੱਭਿਆਚਾਰ ਅਤੇ ਲੋਕਧਾਰਾ ਦੀ ਸੁਰੱਖਿਆ ਕਰਨ ਸਬੰਧੀ ਸਿਫਾਰਸ਼ਾਂ (1989) ਅਨੁਸਾਰ "ਲੋਕਧਾਰਾ (ਜਾਂ ਰਵਾਇਤੀ ਅਤੇ ਹਰਮਨ ਪਿਆਰਾ ਸੱਭਿਆਚਾਰ) ਕਿਸੇ ਸੱਭਿਆਚਾਰਕ ਜਨ-ਸਮੂਹ ਦੀਆਂ ਪਰੰਪਰਾ-ਅਧਾਰਤ ਕਲਾਵਾਂ ਦਾ ਸਮੁੱਚਾ ਰੂਪ ਹੈ ਜੋ ਕਿ ਕਿਸੇ ਦਲ ਜਾਂ ਇਕੱਲੇ-ਕਾਰੇ ਵਿਅਕਤੀਆਂ ਦੁਆਰਾ ਪ੍ਰਗਟਾਈਆਂ ਜਾਣ ਅਤੇ ਜਿਨ੍ਹਾਂ ਨੂੰ ਇਸ ਗੱਲ ਦੀ ਮਾਨਤਾ ਹਾਸਲ ਹੋਵੇ ਕਿ ਉਹ ਕਿਸੇ ਜਨ-ਸਮੂਹ ਦੀ ਸੱਭਿਆਚਾਰਕ ਅਤੇ ਸਮਾਜਿਕ ਪਛਾਣ ਅਤੇ ਉਸ ਜਨ-ਸਮੂਹ ਦੀਆਂ ਉਮੀਦਾਂ ਨੂੰ ਦਰਸਾਉਂਦੀਆਂ ਹਨ। ਇਸ ਦੇ ਮਾਪਦੰਡ ਅਤੇ ਕੀਮਤਾਂ ਮੂੰਹੋਂ-ਮੂੰਹੀਂ ਨਕਲ ਕਰਕੇ ਜਾਂ ਹੋਰ ਢੰਗਾਂ ਨਾਲ ਅੱਗੇ ਚੱਲਦੇ ਹਨ। ਭਾਸ਼ਾ, ਸਾਹਿਤ, ਸੰਗੀਤ, ਨਾਚ, ਖੇਡਾਂ, ਮਿਥਿਹਾਸ, ਰੀਤਿ-ਰਿਵਾਜ਼, ਪਰੰਪਰਾਵਾਂ, ਹਸਤ ਕਲਾਵਾਂ, ਭਵਨ ਨਿਰਮਾਣ ਕਲਾ, ਹੋਰ ਕਲਾਵਾਂ ਆਦਿ ਇਸ ਦੇ ਰੂਪ ਹਨ"[46]।

**ਅਨੁਵੰਸ਼ਿਕੀ ਸਮੱਗਰੀ (Genetic Material) –** ਕਿਸੇ ਪੌਦੇ, ਜੰਤੂ, ਸੂਖਮਜੀਵ ਜਾਂ ਕਿਸੇ ਹੋਰ ਸੋਮੇ ਤੋਂ ਆਈ ਕੋਈ ਵੀ ਸਮੱਗਰੀ ਜਿਸ ਵਿਚ ਅਨੁਵੰਸ਼ਿਕਤਾ ਦੀਆਂ ਕਾਰਜਾਤਮਕ ਇਕਾਈਆਂ ਹੋਣ[47]।

**ਅਨੁਵੰਸ਼ਿਕੀ ਸੋਮੇ (Genetic Resources) –** ਇਸ ਦਾ ਅਰਥ ਹੈ ਉਹ ਅਨੁਵੰਸ਼ਿਕੀ ਸਮੱਗਰੀ ਜਿਸ ਦੀ ਅਸਲ ਅਤੇ/ਜਾਂ ਸੰਭਾਵੀ ਕੀਮਤ ਹੋਵੇ[48]।

**ਗ੍ਰਾਮ ਸਭਾ (ਭਾਰਤ ਦੇ ਪਰਿਪੇਖ ਵਿਚ) (Gram Sabha (in the context of India) –** ਇਸ ਦਾ ਅਰਥ ਹੈ ਪਿੰਡ ਦਾ ਉਹ ਇਕੱਠ ਜਿਸ ਵਿਚ ਪਿੰਡ ਦੇ ਸਾਰੇ ਬਾਲਗ ਮੈਂਬਰ ਹੋਣ। ਜਿਹੜੇ ਰਾਜਾਂ ਵਿਚ ਕੋਈ ਪੰਚਾਇਤ ਨਾ ਹੋਵੇ, ਉਥੇ ਇਸ ਸਭਾ ਵਿਚ ਪਦ, ਟੋਲੇ ਅਤੇ ਪਿੰਡ ਦੀਆਂ ਹੋਰ

---

45 Section 41(1) of the Biological Diversity Act, 2002 (Government of India).

46 Glossary of key terms related to intellectual property and genetic resources, traditional knowledge and traditional cultural expressions Intergovernmental Committee on Intellectual Property and Genetic Resources, Traditional Knowledge and Folklore, WIPO/GRTKF/IC/25/INF/7, Annex, page 15

47 Balakrishna, P (2007) UNU-IAS Pocket Guide, Access to Genetic Resources, Benefit Sharing and Bioprospecting, United Nations University-Institute of Advanced Studies, Japan, page 13

48 Article 2 Convention on Biological Diversity 9CBD) (www.cbd.int)

ਪਰੰਪਰਾਗਤ ਸੰਸਥਾਵਾਂ ਅਤੇ ਨਿਰਵਾਚਿਤ ਪਿੰਡ-ਕਮੇਟੀਆਂ ਸ਼ਾਮਲ ਹੋਣਗੀਆਂ। ਗ੍ਰਾਮ ਸਭਾ ਵਿਚ ਔਰਤਾਂ ਦੀ ਸ਼ਮੂਲੀਅਤ ਪੂਰਨ ਅਤੇ ਬਿਨਾਂ ਕਿਸੇ ਰੋਕ-ਟੋਕ ਦੇ ਹੋਵੇਗੀ[49]।

**ਜੱਦੀ ਲੋਕਾਂ ਦੀ ਵਿਰਾਸਤ (Heritage of Indigenous People) –** ਇਸ ਵਿਚ ਉਹ ਸਾਰੀਆਂ ਚੀਜ਼ਾਂ, ਸਥਲ ਅਤੇ ਗਿਆਨ ਸ਼ਾਮਲ ਹੁੰਦੇ ਹਨ, ਜਿਨ੍ਹਾਂ ਦੀ ਪ੍ਰਕਿਰਤੀ ਜਾਂ ਵਰਤੋਂ ਪੀੜ੍ਹੀ ਦਰ ਪੀੜ੍ਹੀ ਅੱਗੇ ਚੱਲਦੀ ਰਹੀ ਹੈ ਅਤੇ ਜਿਸ ਬਾਰੇ ਕਿਹਾ ਜਾਵੇ ਕਿ ਉਹ ਕੁਝ ਲੋਕਾਂ ਜਾਂ ਖੇਤਰ ਨਾਲ ਸਬੰਧਤ ਹੈ। ਜੱਦੀ ਲੋਕਾਂ ਦੀ ਵਿਰਾਸਤ ਵਿਚ ਉਹ ਵਸਤਾਂ, ਗਿਆਨ ਅਤੇ ਸਾਹਿਤਿਕ ਜਾਂ ਕਲਾਤਮਕ ਵਸਤਾਂ ਵੀ ਸ਼ਾਮਲ ਹੁੰਦੀਆਂ ਹਨ ਜੋ ਇਸ ਵਿਰਾਸਤ ਦੇ ਅਧਾਰ ’ਤੇ ਭਵਿੱਖ ਵਿਚ ਪੈਦਾ ਕੀਤੀਆਂ ਜਾ ਸਕਦੀਆਂ ਹਨ[50]।

**ਜੱਦੀ (Indigenous) –** ਡਿਕਸ਼ਨਰੀ ਪਰਿਭਾਸ਼ਾ ਅਨੁਸਾਰ ਇਸ ਸ਼ਬਦ ਦਾ ਅਰਥ ਹੈ – “ਕੁਦਰਤੀ ਤੌਰ ’ਤੇ (ਕਿਸੇ ਦੇਸ਼, ਖੇਤਰ ਆਦਿ ਵਿਚ) ਮਿਲਣ ਜਾਂ ਉਤਪੰਨ ਹੋਣ ਵਾਲਾ; ਜੱਦੀ”[51]।

**ਜੱਦੀ ਗਿਆਨ (Indigenous Knowledge (IK) –** ਜੱਦੀ ਲੋਕਾਂ ਦਾ ਪਰੰਪਰਾਗਤ ਗਿਆਨ ਜੱਦੀ ਗਿਆਨ ਅਖਵਾਉਂਦਾ ਹੈ। ਸੋ, ਜੱਦੀ ਗਿਆਨ, ਪਰੰਪਰਾਗਤ ਗਿਆਨ ਦਾ ਹਿੱਸਾ ਹੈ ਪਰ ਇਹ ਜ਼ਰੂਰੀ ਨਹੀਂ ਕਿ ਪਰੰਪਰਾਗਤ ਗਿਆਨ ਜੱਦੀ ਹੋਵੇ[52]।

**ਜੱਦੀ ਲੋਕ – (Indigenous People) –** ਜੱਦੀ ਲੋਕ ਉਹ ਲੋਕ ਹੁੰਦੇ ਹਨ ਜਿਨ੍ਹਾਂ ਦੇ ਪੂਰਵਜ ਕਿਸੇ ਥਾਂ ’ਤੇ ਜਾਂ ਮੁਲਕ ਵਿਚ ਰਹਿੰਦੇ ਸਨ ਜਦੋਂ ਕਿਸੇ ਹੋਰ ਸੱਭਿਆਚਾਰ ਜਾਂ ਜਾਤਕ ਪਿੱਠਭੂਮੀ ਦੇ ਲੋਕ ਉਥੇ ਪੁੱਜ ਕੇ ਉਨ੍ਹਾਂ ਉਪਰ ਜਿੱਤ ਪ੍ਰਾਪਤ ਕਰਕੇ ਬਸਤੀ ਕਾਇਮ ਕਰਕੇ ਜਾਂ ਹੋਰ ਸਾਧਨਾਂ ਨਾਲ ਉਨ੍ਹਾਂ ਉਪਰ ਹਾਵੀ ਹੋ ਗਏ ਹੋਣ ਅਤੇ ਜੋ ਹੁਣ ਆਪਣੇ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਰਸਮਾਂ-ਰਿਵਾਜ਼ਾਂ ਦੇ ਅਨੁਸਾਰ ਵੱਧ ਜਦ ਕਿ ਉਸ ਦੇਸ਼ ਦੇ ਰਸਮਾਂ-ਰਿਵਾਜ਼ਾਂ ਅਨੁਸਾਰ ਘੱਟ ਰਹਿੰਦੇ ਹੋਣ ਜਿਸ ਦੇਸ਼ ਦਾ ਹੁਣ ਉਹ ਹਿੱਸਾ ਹਨ[53]।

**ਅਸਲ ਸਥਾਨ ‘ਤੇ ਸਾਂਭ-ਸੰਭਾਲ (*In-Situ* Conservation) –** ਪਰਿਸਥਿਤਿਕ ਪ੍ਰਬੰਧਾਂ ਅਤੇ ਕੁਦਰਤੀ ਨਿਵਾਸ-ਸਥਲਾਂ ਦੀ ਸਾਂਭ-ਸੰਭਾਲ ਅਤੇ ਸਜੀਵਾਂ ਦਾ ਉਨ੍ਹਾਂ ਦੇ ਕੁਦਰਤੀ ਆਲੇ-ਦੁਆਲੇ ਵਿਚ

49 Section 2(g) of Forest Rights Act, 2006 (Government of India) (www.fra.org.in/laws/fra06.pdf)
50 http://ankn.uaf.edu/inks/protect.html access on 11.06.2013
51 http://www.thefreedictionary.com/indigenous access on 21.07.2013
52 Intellectual property needs and expectations of traditional knowledge holders, WIPO Report on Fact-finding Missions on Intellectual Property and Traditional Knowledge (1998-1999). WIPO, Geneva, Switzerland, April 2001. P 23.
53 http://www.wipo.int/edocs/mdocs/tk/en/wipo_grtkf_iwg_2/wipo_grtkf_iwg_2_inf_2.pdf

ਰੱਖ-ਰਖਾਵ ਅਤੇ ਮੁੜ ਸੁਰਜੀਤੀ। ਪਾਲਤੂ ਜਾਂ ਬੀਜੀਆਂ ਗਈਆਂ ਪ੍ਰਜਾਤੀਆਂ ਦੇ ਮਾਮਲੇ ਵਿਚ ਅਜਿਹਾ ਉਸ ਆਲੇ-ਦੁਆਲੇ ਵਿਚ ਕੀਤਾ ਜਾਂਦਾ ਹੈ ਜਿਥੇ ਉਨ੍ਹਾਂ ਨੇ ਆਪਣੇ ਵਿਸ਼ੇਸ਼ ਲੱਛਣ ਵਿਕਸਿਤ ਕੀਤੇ ਹੋਣ[54]।

**ਬੌਧਿਕ ਸੰਪੱਤੀ (Intellectual Property) –** ਮਨ ਦੀਆਂ ਉਪਜਾਂ: ਖੋਜਾਂ, ਸਾਹਿਤਿਕ ਅਤੇ ਕਲਾਤਮਕ ਵਸਤਾਂ/ਕਾਰਜ ਅਤੇ ਚਿੰਨ੍ਹ, ਨਾਮ, ਪ੍ਰਤੀਬਿੰਬ (ਚਿੱਤਰ) ਅਤੇ ਡਿਜ਼ਾਈਨ ਜੋ ਕਿ ਵਪਾਰ ਵਿਚ ਵਰਤੇ ਜਾਂਦੇ ਹੋਣ[55]।

**ਸਥਾਨਕ ਜੈਵ-ਵਿਭਿੰਨਤਾ ਫੰਡ (Local Biodiversity Fund (LBF)) –** ਭਾਰਤ ਦੀ ਕਿਸੇ ਵੀ ਰਾਜ ਸਰਕਾਰ ਦੁਆਰਾ ਨੋਟੀਫਾਈ ਕੀਤੇ ਕਿਸੇ ਵੀ ਖੇਤਰ ਦਾ ਫੰਡ ਜਿੱਥੇ ਸਵੈ-ਸਰਕਾਰ ਦੀ ਕੋਈ ਵੀ ਸੰਸਥਾ ਕਾਰਜਰਤ ਹੋਵੇ - ਜੈਵ-ਵਿਭਿੰਨਤਾ ਕਾਨੂੰਨ ਦੀ ਧਾਰਾ 42 ਅਧੀਨ ਦਿੱਤੀਆਂ ਗਈਆਂ ਸਾਰੀਆਂ ਗ੍ਰਾਂਟਾਂ ਅਤੇ ਕਰਜ਼ੇ; ਰਾਸ਼ਟਰੀ ਜੈਵ-ਵਿਭਿੰਨਤਾ ਅਥਾਰਟੀ ਦੁਆਰਾ ਦਿੱਤੀਆਂ ਗਈਆਂ ਸਾਰੀਆਂ ਗ੍ਰਾਂਟਾਂ ਅਤੇ ਕਰਜ਼ੇ; ਰਾਜ ਜੈਵ-ਵਿਭਿੰਨਤਾ ਬੋਰਡਾਂ ਦੁਆਰਾ ਦਿੱਤੀਆਂ ਗਈਆਂ ਸਾਰੀਆਂ ਗ੍ਰਾਂਟਾਂ ਅਤੇ ਕਰਜ਼ੇ; ਜੈਵ-ਵਿਭਿੰਨਤਾ ਪ੍ਰਬੰਧਣ ਕਮੇਟੀਆਂ ਦੁਆਰਾ ਧਾਰਾ 41 ਦੀ ਉੱਪ ਧਾਰਾ (3) (ਜੈਵ-ਵਿਭਿੰਨਤਾ ਕਾਨੂੰਨ) ਅਧੀਨ ਪ੍ਰਾਪਤ ਫੀਸਾਂ; ਰਾਜ ਸਰਕਾਰ ਦੁਆਰਾ ਨਿਰਧਾਰਿਤ ਹੋਰ ਕਿਸੇ ਵੀ ਸੋਮੇ ਤੋਂ ਸਥਾਨਕ ਜੈਵ-ਵਿਭਿੰਨਤਾ ਫੰਡ ਨੂੰ ਮਿਲੀ ਕਿਸੇ ਵੀ ਰਾਸ਼ੀ ਨੂੰ ਇਸ ਫੰਡ ਵਿਚ ਜਮ੍ਹਾਂ ਕਰਵਾਇਆ ਜਾਵੇਗਾ। ਇਸ ਫੰਡ ਦੀ ਵਰਤੋਂ ਸਬੰਧਤ ਸਥਾਨਕ ਇਕਾਈ ਦੇ ਅਧਿਕਾਰ-ਖੇਤਰ ਅੰਦਰ ਜੈਵ-ਵਿਭਿੰਨਤਾ ਦੀ ਸਾਂਭ-ਸੰਭਾਲ ਅਤੇ ਉਸ ਨੂੰ ਪ੍ਰਫੁੱਲਿਤ ਕਰਨ ਲਈ ਅਤੇ ਜਨ-ਸਮੂਹ ਦੇ ਲਾਭ ਲਈ ਕੀਤੀ ਜਾਵੇਗੀ[56, 57]।

**ਸਥਾਨਕ ਜਨ-ਸਮੂਹ (Local Communities) –** ਇਕ ਵੱਖਰੇ ਭੂਗੋਲਿਕ ਖੇਤਰ ਵਿਚਲੀ ਉਹ ਮਨੁੱਖੀ ਅਬਾਦੀ ਜੋ ਆਪਣੇ ਸਾਰੇ ਜਾਂ ਆਂਸ਼ਿਕ ਗੁਜ਼ਾਰੇ ਲਈ ਸਿੱਧੇ ਰੂਪ ਨਾਲ ਉਸ ਖੇਤਰ ਦੀ ਜੈਵ-ਵਿਭਿੰਨਤਾ, ਪਰਿਸਥਿਤਿਕ ਪ੍ਰਬੰਧ ਦੁਆਰਾ ਦਿੱਤੀਆਂ ਗਈਆਂ ਵਸਤਾਂ ਅਤੇ ਸੇਵਾਵਾਂ ਉੱਪਰ ਨਿਰਭਰ ਕਰਦੀ ਹੋਵੇ ਅਤੇ ਜਿਸ ਨੇ ਇਸ ਨਿਰਭਰਤਾ ਕਾਰਨ ਪਰੰਪਰਾਗਤ ਗਿਆਨ ਵਿਕਸਿਤ ਜਾਂ ਪ੍ਰਾਪਤ ਕੀਤਾ ਹੋਵੇ। ਕਿਸਾਨ, ਮਛੇਰੇ, ਪਸ਼ੂ-ਚਰਵਾਹੇ, ਜੰਗਲਾਂ ਦੇ ਵਾਸੀ ਅਤੇ ਹੋਰ ਲੋਕ ਇਸ ਜਨ-ਸਮੂਹ ਵਿਚ ਸ਼ਾਮਲ ਹੁੰਦੇ ਹਨ[58]।

54 Article 2 of the Convention on Biological Diversity (CBD), 1993
55 http://www.wipo.int
56 Section 43(1) of the Biological Diversity Act, 2002 (Government of India).
57 Section 44(2) of the Biological Diversity Act, 2002 (Government of India).
58 WIPO Traditional Knowledgement Documentation Toolkit, Consultation Draft, 1st November, 2012.

**ਸਮੱਗਰੀ ਸਥਾਨਾਂਤਰਨ ਸਮਝੌਤਾ (Material Transfer Agreement (MTA))–** ਅਨੁਵੰਸ਼ਿਕੀ ਸ੍ਰੋਤਾਂ ਦੇ ਦਾਤਾ ਅਤੇ ਉਪਭੋਗਤਾ ਵਿਚਕਾਰ ਪ੍ਰਸ਼ਾਸਕੀ ਵਿਧੀਆਂ ਸਬੰਧੀ ਬਣੀ ਸਹਿਮਤੀ – ਇਸ ਗੱਲ ਲਈ ਕਿ ਵਰਤਿਆ ਜਾਣ ਵਾਲਾ ਪਦਾਰਥ ਕਿਸ ਤਰ੍ਹਾਂ ਪ੍ਰਾਪਤ ਕੀਤਾ ਅਤੇ ਵਰਤਿਆ ਜਾਵੇਗਾ; ਨਾਲ ਹੀ ਇਸ ਗੱਲ ਲਈ ਵੀ ਕਿ ਲਾਭਾਂ ਦੀ ਵੰਡ ਸਬੰਧੀ ਸਿਧਾਂਤਾਂ ਦੀ ਪਾਲਣਾ ਕਿਵੇਂ ਕੀਤੀ ਜਾਵੇਗੀ[59]।

**ਗ਼ਬਨ (Misappropriation)**– ਫੀਸ ਅਤੇ ਅਗਾਊਂ ਸੋਚੀ ਸਮਝੀ ਸਹਿਮਤੀ ਦੇ ਬਿਨਾਂ ਸ੍ਰੋਤਾਂ ਤੱਕ ਪਹੁੰਚ ਜਾਂ ਉਨ੍ਹਾਂ ਦੀ ਵਰਤੋਂ ਜਾਂ ਗਲਤ ਉਦੇਸ਼ ਨਾਲ ਅਜਿਹੀ ਪਹੁੰਚ/ਵਰਤੋਂ[60]।

**ਆਪਸੀ ਸਹਿਮਤੀ ਵਾਲੀਆਂ ਸ਼ਰਤਾਂ (Mutually Agreed Terms (MAT)) –** ਅਨੁਵੰਸ਼ਿਕੀ ਸ੍ਰੋਤਾਂ ਨੂੰ ਦੇਣ ਵਾਲੇ ਅਤੇ ਉਸ ਦੀ ਵਰਤੋਂ ਕਰਨ ਵਾਲੇ ਵਿਚਕਾਰ ਬਣੀ ਸਹਿਮਤੀ ਅਨੁਸਾਰ ਪੜਤਾਲ ਕਰਨ ਦੇ ਉਦੇਸ਼ਾਂ ਦੀਆਂ ਸ਼ਰਤਾਂ[61]।

**ਰਾਸ਼ਟਰੀ ਜੈਵ–ਵਿਭਿੰਨਤਾ ਫੰਡ (National Biodiversity Fund (NBF)) –** ਕੇਂਦਰ ਸਰਕਾਰ ਦੁਆਰਾ ਰਾਸ਼ਟਰੀ ਜੈਵ–ਵਿਭਿੰਨਤਾ ਅਥਾਰਟੀ ਨੂੰ ਦਿੱਤੀਆਂ ਗਈਆਂ ਸਾਰੀਆਂ ਗ੍ਰਾਂਟਾਂ ਅਤੇ ਕਰਜ਼ਿਆਂ ਤੋਂ ਬਣਿਆ ਅਤੇ ਰਾਸ਼ਟਰ ਪੱਧਰ 'ਤੇ ਸਥਾਪਤ ਕੀਤਾ ਗਿਆ ਫੰਡ[62]। ਰਾਸ਼ਟਰੀ ਜੈਵ–ਵਿਭਿੰਨਤਾ ਅਥਾਰਟੀ ਦੁਆਰਾ ਪ੍ਰਾਪਤ ਕੀਤੇ ਜਾਣ ਵਾਲੇ ਸਾਰੇ ਪੈਸੇ, ਰਾਇਲਟੀਆਂ ਅਤੇ ਕੇਂਦਰ ਸਰਕਾਰ ਦੇ ਫੈਸਲੇ ਅਨੁਸਾਰ ਹੋਰ ਕਿਸੇ ਵੀ ਸੋਮੇ ਤੋਂ ਪ੍ਰਾਪਤ ਹਰ ਤਰ੍ਹਾਂ ਦੀ ਰਾਸ਼ੀ ਇਸੇ ਫੰਡ ਵਿਚ ਜਮ੍ਹਾਂ ਹੁੰਦੀ ਹੈ[63]।

**ਮਲਕੀਅਤ (Ownership) –** ਕਿਸੇ ਵਸਤੂ ਨੂੰ ਆਪਣੇ ਕੋਲ ਰੱਖਣ ਦਾ ਕਾਨੂੰਨੀ ਅਧਿਕਾਰ[64]।

**ਪੇਟੈਂਟ (Patents) –** ਕਿਸੇ ਖੋਜ, ਉਤਪਾਦ ਜਾਂ ਪ੍ਰਕਿਰਿਆ, ਜੋ ਕਿਸੇ ਕੰਮ ਨੂੰ ਕਰਨ ਦਾ ਕੋਈ ਨਵਾਂ ਢੰਗ ਦੇਵੇ ਜਾਂ ਕਿਸੇ ਸਮੱਸਿਆ ਦਾ ਕੋਈ ਨਵਾਂ ਤਕਨੀਕੀ ਹੱਲ ਸੁਝਾਏ, ਲਈ ਦਿੱਤਾ ਗਿਆ ਏਕਲ ਅਧਿਕਾਰ[65]।

---

59 Balakrishna, P (2007) UNU-IAS Pocket Guide, Access to Genetic Resources, Benefit Sharing and Bioprospecting, United Nations University-Institute of Advanced Studies, Japan.

60 Black, HC 1968 Black's Law Dictionary. Revised Fourth Edition by the Publisher's Editorial Staff, St. Paul, Minn, West Publishing Co, USA.

61 Balakrishna, P (2007) UNU-IAS Pocket Guide, Access to Genetic Resources, Benefit Sharing and Bioprospecting, United Nations University-Institute of Advanced Studies, Japan, page 14

62 Defining and Explaining ABC Terminology, National Biodiversity Authority (NBA), India (2013).

63 Section 27(1) of the Biological Diversity Act, 2002 (Government of India).

64 http://www.thefreedictionary.com/ownership accessed on 12.06.2013

65 WIPO Traditional Knowledge Documentation Toolkit, Consultation Draft, 1st November, 2012.

**ਜਨ ਜੈਵ-ਵਿਭਿੰਨਤਾ ਰਜਿਸਟਰ (People's Biodiversity Register (PBR))** – ਭਾਰਤ ਦੇ ਜੈਵ-ਵਿਭਿੰਨਤਾ ਕਾਨੂੰਨ (2002) ਅਧੀਨ ਬਣਾਇਆ ਗਿਆ ਰਜਿਸਟਰ ਜਿਸ ਵਿਚ ਸਥਾਨਕ ਜੈਵਿਕ ਸ੍ਰੋਤਾਂ ਦੀ ਉਪਲਬਧਤਾ ਅਤੇ ਗਿਆਨ, ਉਨ੍ਹਾਂ ਦੇ ਰੋਗ-ਰੋਧੀ ਅਤੇ ਹੋਰ ਲਾਭਾਂ ਜਾਂ ਉਨ੍ਹਾਂ ਨਾਲ ਜੁੜੇ ਹੋਏ ਹੋਰ ਕਿਸੇ ਵੀ ਕਿਸਮ ਦੇ ਰਵਾਇਤੀ ਗਿਆਨ ਬਾਰੇ ਸਮੁਚਿਤ ਸੂਚਨਾ ਦਰਜ ਹੋਵੇ[66]।

**ਪੂਰਵ ਕਲਾ (Prior Art)** – ਪੇਟੈਂਟ ਅਰਜ਼ੀ ਦਰਜ ਕਰਾਉਣ ਜਾਂ ਉਸ ਦੀ 'ਪਹਿਲ ਮਿਤੀ' ਤੋਂ ਪਹਿਲਾਂ ਮੌਜੂਦ ਸਾਰਾ ਗਿਆਨ, ਉਹ ਚਾਹੇ ਲਿਖਤੀ ਰੂਪ ਵਿਚ ਤੇ ਚਾਹੇ ਮੌਖਿਕ ਰੂਪ ਵਿਚ ਉਜਾਗਰ ਰਿਹਾ ਹੋਵੇ, ਆਮ ਤੌਰ 'ਤੇ ਪੂਰਵ ਕਲਾ ਹੁੰਦਾ ਹੈ[67]।

**ਅਗਾਊਂ ਸੂਚਿਤ ਸਹਿਮਤੀ (Prior Informed Consent (PIC))** – ਪ੍ਰਸ਼ਾਸਕੀ ਵਿਧੀਆਂ ਦਾ ਇਕ ਸੈੱਟ - ਇਹ ਫੈਸਲਾ ਕਰਨ ਲਈ ਕਿ ਕੀ ਨਿਰਧਾਰਿਤ ਸ਼ਰਤਾਂ 'ਤੇ ਜੈਵਿਕ ਸ੍ਰੋਤਾਂ ਤੱਕ ਪਹੁੰਚ ਕਰਨ ਦੀ ਆਗਿਆ ਦੇਣੀ ਹੈ[68]।

**ਸੰਪੱਤੀ (Property)** – ਕੋਈ ਵੀ ਭੌਤਿਕ ਜਾਂ ਅਬੋਧ ਵਸਤੂ ਜੋ ਕਿ ਕਿਸੇ ਵਿਅਕਤੀ ਜਾਂ ਲੋਕਾਂ ਦੇ ਇਕ ਸਮੂਹ ਜਾਂ ਕਿਸੇ ਕਾਨੂੰਨੀ ਇਕਾਈ, ਜਿਵੇਂ ਕਿ ਕੋਈ ਕਾਰਪੋਰੇਸ਼ਨ, ਦੀ ਸਾਂਝੀ ਮਲਕੀਅਤ ਹੋਵੇ[69]।

**ਸੁਰੱਖਿਅਤ ਰੱਖਿਆ ਹੋਇਆ ਇਲਾਕਾ (Protected Area)** – ਇਸ ਤੋਂ ਭਾਵ ਹੈ - ਭੂਗੋਲਿਕ ਤੌਰ 'ਤੇ ਇਕ ਵੱਖਰਾ ਇਲਾਕਾ ਜੋ ਸਾਂਭ-ਸੰਭਾਲ ਦੇ ਕੁਝ ਖਾਸ ਉਦੇਸ਼ਾਂ ਦੀ ਪੂਰਤੀ ਹਿੱਤ ਘੋਸ਼ਿਤ ਕੀਤਾ ਹੋਇਆ ਜਾਂ ਨਿਯਮਿਤ ਅਤੇ ਪ੍ਰਬੰਧਿਤ ਕੀਤਾ ਹੁੰਦਾ ਹੈ[70]।

**ਸੁਰੱਖਿਆ (Protection)** – ਇਸ ਦਾ ਅਰਥ ਹੈ - ਤੀਜੀਆਂ ਧਿਰਾਂ ਦੁਆਰਾ ਕੀਤੀ ਜਾਣ ਵਾਲੀ ਅਣ-ਅਧਿਕਾਰਿਤ ਵਰਤੋਂ ਵਿਰੁੱਧ ਪਰੰਪਰਾਗਤ ਗਿਆਨ ਅਤੇ ਪਰੰਪਰਾਗਤ ਸੱਭਿਆਚਾਰਕ ਪ੍ਰਗਟਾਵਿਆਂ ਦੀ ਸੁਰੱਖਿਆ। ਸੁਰੱਖਿਆ ਦੇ ਦੋ ਰੂਪ, ਧਨਾਤਮਕ ਅਤੇ ਬਚਾਵ ਸੁਰੱਖਿਆ, ਬਣਾਏ ਅਤੇ ਵਰਤੇ ਗਏ ਹਨ[71]।

---

66 http://www.ces.iisc.ernet.in/biodiversity/sahyadri_enews/newsletter/issue15/index.htm
67 WIPO Traditional Knowledge Documentation Toolkit, Consultation Draft, 1st November, 2012.
68 Defining and Explaining ABS terminology, National Biodiversity Authority (NBA), India (2013).
69 http://en.wikipedia.org/wiki/Property
70 Article 2 Convention on Biological Diversity (CBD), 1993
71 WIPO Traditional Knowledge Documentation Toolkit, Consultation Draft, 1st November, 2012.

**ਪ੍ਰਾਟੋਕਾਲ (Protocol) –** ਪ੍ਰਾਟੋਕਾਲਾਂ ਉਹ ਕਾਨੂੰਨੀ ਸਮਝੌਤੇ, ਆਚਾਰ-ਸੰਹਿਤਾਵਾਂ, ਦਿਸ਼ਾ-ਨਿਰਦੇਸ਼ ਜਾਂ ਢੰਗਾਂ-ਸਲੀਕਿਆਂ ਦੇ ਸੈੱਟ ਹੁੰਦੀਆਂ ਹਨ ਜੋ ਇਹ ਦੱਸਦੀਆਂ ਹਨ ਕਿ ਕੁਝ ਵਿਸ਼ੇਸ਼ ਹਾਲਤਾਂ ਵਿਚ ਲੋਕਾਂ ਨੂੰ ਕਿੱਦਾਂ ਦਾ ਵਰਤਾਅ ਕਰਨਾ ਚਾਹੀਦਾ ਹੈ। ਜਨ-ਸਮੂਹਾਂ ਲਈ ਮਾਪਦੰਡ ਨਿਰਧਾਰਿਤ ਕਰਨ (ਗਿਆਨ ਦੇ ਪ੍ਰਚਾਰ-ਪ੍ਰਸਾਰ ਸਬੰਧੀ), ਬਾਹਰੀ (ਓਪਰੇ) ਵਿਅਕਤੀਆਂ ਦੁਆਰਾ ਵਰਤਣ, ਦ੍ਰਿਸ਼ਟੀਕੋਣ ਬਦਲਣ ਅਤੇ ਨਵੇਂ ਮਾਪਦੰਡ ਨਿਰਧਾਰਿਤ ਕਰਨ ਲਈ ਇਨ੍ਹਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਪ੍ਰਾਟੋਕਾਲਾਂ ਅਕਸਰ ਲਚਕੀਲੀਆਂ ਹੁੰਦੀਆਂ ਹਨ ਅਤੇ ਸਮੇਂ ਦੇ ਨਾਲ ਬਦਲ ਸਕਦੀਆਂ ਹਨ। ਕੁਝ ਅਜਿਹੇ ਉਦੇਸ਼ਾਂ ਦੀ ਪ੍ਰਾਪਤੀ ਹਿੱਤ ਇਨ੍ਹਾਂ ਨੂੰ ਸਾਧਨ/ਸੰਦ ਵਜੋਂ ਵਰਤਿਆ ਜਾ ਸਕਦਾ ਹੈ ਜੋ ਕਾਨੂੰਨ ਦੇ ਦੂਜੇ ਖੇਤਰਾਂ ਦੁਆਰਾ ਪ੍ਰਾਪਤ ਨਹੀਂ ਹੋ ਸਕੇ ਹੁੰਦੇ। ਵਰਤਾਅ-ਵਰਤਾਰੇ ਦੇ ਰਸਮੀ ਅਤੇ ਅਣਰਸਮੀ ਦਿਸ਼ਾ-ਨਿਰਦੇਸ਼ਾਂ ਵਜੋਂ ਇਹ ਆਪਸੀ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਅਤੇ ਨਵੇਂ ਰਿਸ਼ਤੇ ਬਨਾਉਣ ਦਾ ਕੰਮ ਕਰ ਸਕਦੀਆਂ ਹਨ[72]।

**ਜਨਤਕ-ਖੇਤਰ (Public Domain) –** ਆਮ ਤੌਰ ’ਤੇ ਕੋਈ ਵੀ ਰਚਨਾ ਆਦਿ ਜਨਤਕ-ਖੇਤਰ ਵਿਚ ਪਈ ਮੰਨੀ ਜਾਂਦੀ ਹੈ ਜੇਕਰ ਜਨਤਾ ਦੁਆਰਾ ਇਸ ਦੀ ਵਰਤੋਂ ਉਪਰ ਕੋਈ ਕਾਨੂੰਨੀ ਰੋਕ ਨਾ ਹੋਵੇ। ‘ਬਲੈਕਸ ਲਾਅ ਡਿਕਸ਼ਨਰੀ’ ਵਿੱਚ ਦਿੱਤੀ ਹੋਈ ਪਰਿਭਾਸ਼ਾ ਅਨੁਸਾਰ ਜਨਤਕ-ਖੇਤਰ ਉਨ੍ਹਾਂ ਖੋਜਾਂ ਅਤੇ ਉਪਜਾਊ ਕਾਰਜਾਂ ਦਾ ਬ੍ਰਹਿਮੰਡ ਹੁੰਦਾ ਹੈ ਜਿਨ੍ਹਾਂ ਨੂੰ ਬੌਧਿਕ ਸੰਪੱਤੀ ਅਧਿਕਾਰਾਂ ਦੀ ਸੁਰੱਖਿਆ ਹਾਸਿਲ ਨਹੀਂ ਹੁੰਦੀ ਅਤੇ ਇਸ ਕਾਰਨ ਜੋ ਹਰ ਕਿਸੇ ਨੂੰ ਬਿਨਾਂ ਕਿਸੇ ਫੀਸ ਆਦਿ ਦੇ ਉਪਲਬਧ ਹੁੰਦੇ ਹਨ। ਜਦੋਂ ਕਾਪੀਰਾਈਟ, ਟਰੇਡਮਾਰਕ, ਪੇਟੈਂਟ ਜਾਂ ਵਪਾਰ-ਭੇਤ ਅਧਿਕਾਰ ਗੁਆਚ ਜਾਂਦੇ ਹਨ ਜਾਂ ਉਹਨਾਂ ਦੀ ਸਮਾਂ-ਅਵਧੀ ਖਤਮ ਹੋ ਜਾਂਦੀ ਹੈ ਤਾਂ ਉਹ ਬੌਧਿਕ ਸੰਪੱਤੀ ਜਿਨ੍ਹਾਂ ਦੀ ਉਨ੍ਹਾਂ ਨੇ ਸੁਰੱਖਿਆ ਕੀਤੀ ਹੁੰਦੀ ਹੈ ਜਨਤਕ-ਖੇਤਰ ਵਿਚ ਆ ਜਾਂਦੀ ਹੈ ਅਤੇ ਬਿਨਾਂ ਕਿਸੇ ਕਾਨੂੰਨੀ ਉਲਝਣ/ਜ਼ਿੰਮੇਵਾਰੀ ਦੇ ਕਿਸੇ ਵੀ ਵਿਅਕਤੀ ਦੁਆਰਾ ਵਰਤੀ ਜਾ ਸਕਦੀ ਹੈ[73]।

**ਜਨਤਕ ਤੌਰ ’ਤੇ ਉਪਲਬਧ (Publicly Available) –** ਅਨੁਵੰਸ਼ਿਕ ਸੋਮਿਆਂ ਨਾਲ ਜੁੜੀ ਪਰੰਪਰਾਗਤ ਗਿਆਨ ਦੇ ਤਕਨੀਕੀ ਅਤੇ ਕਾਨੂੰਨੀ ਮਾਹਿਰਾਂ ਦੇ ਦਲ ਦੀ ਮੀਟਿੰਗ ਜੋ ਕਿ ਵਰਤੋਂ ਅਤੇ ਲਾਭ-ਵੰਡ ਸਬੰਧੀ ਅੰਤਰਰਾਸ਼ਟਰੀ ਦੌਰ ਦੇ ਪਰਿਪੇਖ ਵਿਚ ਹੋਈ ਸੀ ਵਿਚ ਮਾਹਿਰਾਂ ਨੇ “ਜਨਤਕ-ਖੇਤਰ” ਅਤੇ “ਜਨਤਕ ਤੌਰ ’ਤੇ ਉਪਲਬਧ” ਸ਼ਬਦਾਂ ਉਤੇ ਚਰਚਾ ਕੀਤੀ; ਇਹ ਸ਼ਬਦ ਅਨੁਵੰਸ਼ਿਕ ਸ੍ਰੋਤਾਂ ਨਾਲ ਜੁੜੇ ਪਰੰਪਰਾਗਤ ਗਿਆਨ ਦੇ ਸਬੰਧ ਵਿਚ ਵਿਚਾਰੇ ਗਏ: “ਸ਼ਬਦ ਜਨਤਕ-ਖੇਤਰ, ਜਿਸ ਦੀ ਵਰਤੋਂ ਮੁਫਤ ਉਪਲਬਧਤਾ ਦਰਸਾਉਣ ਲਈ ਕੀਤੀ ਜਾਂਦੀ ਹੈ, ਨੂੰ ਪਰਿਪੇਖ ਤੋਂ ਬਾਹਰ ਲਿਆ ਗਿਆ ਹੈ ਅਤੇ ਅਨੁਵੰਸ਼ਿਕ ਸ੍ਰੋਤਾਂ ਨਾਲ ਜੁੜੇ ਉਸ ਪਰੰਪਰਾਗਤ ਗਿਆਨ ਲਈ ਵਰਤਿਆ ਗਿਆ ਹੈ ਜੋ ਜਨਤਕ ਤੌਰ ’ਤੇ ਉਪਲਬਧ

72 Glossary of key terms related to intellectual property and genetic resources, traditional knowledge and traditional cultural expressions Intergovernmental Committee on Intellectual Property and Genetic Resources, Traditional Knowledge and Folklore, WIPO/GRTKF/IC/25/INF/7, Annex, page 33

73 Ibid.

ਹੈ। ਜਨਤਕ ਤੌਰ ’ਤੇ ਉਪਲਬਧ ਹੋਣ ਸਬੰਧੀ ਜੋ ਆਮ ਸਮਝ ਹੈ ਉਸ ਦਾ ਅਰਥ ਮੁਫਤ ਉਪਲਬਧ ਹੋਣਾ ਨਹੀਂ ਹੈ। ਜਨਤਕ ਤੌਰ ’ਤੇ ਉਪਲਬਧ ਹੋਣ ਸਬੰਧੀ ਜੋ ਆਮ ਸਮਝ ਹੈ ਉਸ ਦਾ ਅਰਥ ਇਹ ਹੋ ਸਕਦਾ ਹੈ ਕਿ ਆਪਸੀ ਸਹਿਮਤੀ ਵਾਲੀਆਂ ਸ਼ਰਤਾਂ ਨੂੰ ਲਾਗੂ ਕਰਨ ਦੀ ਸ਼ਰਤ ਮੌਜੂਦ ਹੈ ਜਿਵੇਂ ਕਿ ਸ੍ਰੋਤਾਂ ਤਕ ਪਹੁੰਚ ਕਰਨ ਲਈ ਕੁਝ ਅਦਾਇਗੀ ਕਰਨਾ। ਪਰੰਪਰਾਗਤ ਗਿਆਨ ਬਾਰੇ ਅਕਸਰ ਇਹ ਮੰਨਿਆ ਗਿਆ ਹੈ ਕਿ ਇਹ ਜਨਤਕ ਖੇਤਰ ਵਿਚ ਹੁੰਦਾ ਹੈ ਜਿਸ ਕਾਰਨ ਜਦੋਂ ਇਕ ਵਾਰ ਇਸ ਦੀ ਵਰਤੋਂ ਕਰ ਲਈ ਜਾਵੇ ਅਤੇ ਇਸ ਨੂੰ ਇਸ ਦੇ ਖਾਸ ਸੱਭਿਆਚਾਰਕ ਪਰਿਪੇਖ ਵਿਚੋਂ ਕੱਢ ਲਿਆ ਜਾਵੇ ਅਤੇ ਫੈਲਾਅ ਦਿੱਤਾ ਜਾਵੇ ਤਾਂ ਇਹ ਬੇ ਰੋਕ-ਟੋਕ ਉਪਲਬਧ ਹੋ ਜਾਂਦਾ ਹੈ। ਪਰ ਇਹ ਨਹੀਂ ਮੰਨਿਆ ਜਾ ਸਕਦਾ ਕਿ ਅਨੁਵੰਸ਼ਿਕ ਸ੍ਰੋਤਾਂ ਨਾਲ ਜੁੜਿਆ ਪਰੰਪਰਾਗਤ ਗਿਆਨ ਜਨਤਕ ਤੌਰ ’ਤੇ ਉਪਲਬਧ ਕਰਵਾ ਦਿੱਤਾ ਗਿਆ ਹੈ ਅਤੇ ਹੁਣ ਉਹ ਕਿਸੇ ਦਾ ਵੀ ਨਹੀਂ ਹੈ। ਜਨਤਕ ਤੌਰ ’ਤੇ ਉਪਲਬਧਤਾ ਦੀ ਧਾਰਨਾ ਦੇ ਅੰਦਰ-ਅੰਦਰ ਪਰੰਪਰਾਗਤ ਗਿਆਨ ਦੇ ਧਾਰਕ (ਜੋ ਕਿ ਪਛਾਣ ਯੋਗ ਹੋਣ) ਤੋਂ ਅਗਾਊਂ ਸੂਚਿਤ ਸਹਿਮਤੀ ਦੀ ਲੋੜ ਅਜੇ ਵੀ ਹੋ ਸਕਦੀ ਹੈ। ਨਾਲ ਹੀ ਲਾਭ-ਵੰਡ ਦੀਆਂ ਧਾਰਵਾਂ ਲਾਗੂ ਹੋ ਸਕਦੀਆਂ ਹਨ। ਸਣੇ ਉਸ ਸਥਿਤੀ ਦੇ ਜਦੋਂ ਪਹਿਲਾਂ ਦਿੱਤੀ ਗਈ ਅਗਾਊਂ ਸੂਚਿਤ ਸਹਿਮਤੀ ਤੋਂ ਕੁਝ ਤਬਦੀਲੀ ਕੀਤੀ ਗਈ ਹੋਵੇ। ਜਦੋਂ ਪਰੰਪਰਾਗਤ ਗਿਆਨ ਦਾ ਕੋਈ ਧਾਰਕ ਨਾ ਪਛਾਣਿਆ ਜਾ ਸਕਦਾ ਹੋਵੇ ਤਾਂ ਵੀ ਲਾਭ-ਪਾਤਰੀਆਂ ਬਾਰੇ ਫੈਸਲਾ, ਜਿਵੇਂ ਕਿ ਸਰਕਾਰ ਦੁਆਰਾ, ਲਿਆ ਜਾ ਸਕਦਾ ਹੈ ”[74]।

**ਖੋਜ ਕਾਰਜ (Research) –** ਕਿਸੇ ਜੈਵਿਕ ਸੋਮੇ ਸਬੰਧੀ ਜਾਂ ਕਿਸੇ ਤਕਨੀਕੀ ਯੁਕਤੀ, ਜੋ ਜੈਵਿਕ ਪ੍ਰਣਾਲੀਆਂ, ਸਜੀਵਾਂ ਜਾਂ ਉਹਨਾਂ ਤੋਂ ਪ੍ਰਾਪਤ ਵਸਤਾਂ ਨੂੰ ਕੁਝ ਬਨਾਉਣ ਜਾਂ ਬਦਲਣ (ਉਤਪਾਦਾਂ ਜਾਂ ਵਿਧੀਆਂ) ਲਈ ਕਿਸੇ ਵੀ ਕੰਮ ਲਈ ਵਰਤਦੀ ਹੈ, ਸਬੰਧੀ ਅਧਿਐਨ ਜਾਂ ਢੰਗ/ਸਿਰ ਕੀਤੀ ਗਈ ਜਾਂਚ[75]।

**ਰਾਇਲਟੀਆਂ (Royalties) –** ਕੋਈ ਵੀ ਖੋਜੀ ਜੋ ਕਿਸੇ ਖਾਸ ਉਤਪਾਦ ਜਾਂ ਵਿਧੀ ਲਈ ਪੇਟੈਂਟ ਰੱਖਦਾ ਹੋਵੇ, ਲਈ ਅਦਾਇਗੀ ਦੇ ਸੋਮੇ। ਜਦੋਂ ਕੋਈ ਵਿਅਕਤੀ ਪੇਟੈਂਟ ਕੀਤੇ ਹੋਏ ਉਤਪਾਦ ਜਾਂ ਵਿਧੀ ਦੀ ਵਰਤੋਂ ਕਰਦਾ ਹੈ ਤਾਂ ਰਾਇਲਟੀ ਅਦਾ ਕੀਤੀ ਜਾਂਦੀ ਹੈ[76]।

---

74 Glossary of key terms related to intellectual property and genetic resources, traditional knowledge and traditional cultural expressions Intergovernmental Committee on Intellectual Property and Genetic Resources, Traditional Knowledge and Folklore, WIPO/GRTKF/IC/25/INF/7, Annex, page 34

75 Section 2(m) of the Biological Diversity Act, 2002 (Government of India).

76 Balakrishna, P (2007) UNU-IAS Pocket Guide, Access to Genetic Resources, Benefit Sharing and Bioprospecting, United Nations University-Institute of Advanced Studies, Japan, page 15

**ਧਾਰਮਿਕ ਸਥਲ (Sacred Site) –** ਕੋਈ ਸਥਲ, ਵਸਤੂ, ਢਾਂਚਾ, ਇਲਾਕਾ ਜਾਂ ਕੁਦਰਤੀ ਗੁਣ ਜਾਂ ਇਲਾਕਾ ਜੋ ਰਾਸ਼ਟਰੀ ਸਰਕਾਰਾਂ ਜਾਂ ਜੱਦੀ ਜਨ-ਸਮੂਹਾਂ ਲਈ ਵਿਸ਼ੇਸ਼ ਮਹੱਤਵ ਰੱਖਦਾ ਹੋਵੇ ਕਿਉਂਕਿ ਜੱਦੀ ਜਾਂ ਸਥਾਨਕ ਜਨ-ਸਮੂਹਾਂ ਦੇ ਲਈ ਉਸ ਦਾ ਵਿਸ਼ੇਸ਼ ਧਾਰਮਿਕ ਮਹੱਤਵ ਹੁੰਦਾ ਹੈ[77]।

**ਰਾਜ ਜੈਵ-ਵਿਭਿੰਨਤਾ ਬੋਰਡ (State Biodiversity Boards (SBBs)) –** ਰਾਜ ਜੈਵ-ਵਿਭਿੰਨਤਾ ਬੋਰਡ ਰਾਜ ਸਰਕਾਰਾਂ ਦੁਆਰਾ ਭਾਰਤ ਵਿਚ ਜੈਵ-ਵਿਭਿੰਨਤਾ ਕਾਨੂੰਨ, 2002 ਦੀ ਧਾਰਾ 22 ਦੇ ਅਨੁਸਾਰ ਸਥਾਪਿਤ ਕੀਤੇ ਗਏ ਬਾਡੀ ਕਾਰਪੋਰੇਟ ਹਨ ਜਿਨ੍ਹਾਂ ਦਾ ਉਦੇਸ਼ ਹੈ ਜੈਵ-ਵਿਭਿੰਨਤਾ ਦੀ ਸਾਂਭ-ਸੰਭਾਲ, ਜੈਵਿਕ ਸ੍ਰੋਤਾਂ ਦੀ ਟਿਕਾਊ ਵਰਤੋਂ ਅਤੇ ਜੈਵਿਕ ਸ੍ਰੋਤਾਂ ਤੋਂ ਹੋਣ ਵਾਲੇ ਲਾਭਾਂ ਦੀ ਸਮਵੰਡ[78]।

**ਮੁਖ਼ਤਿਆਰੀ (Stewardship) –** ਕਿਸੇ ਚੀਜ਼ ਦਾ ਸੰਚਾਲਨ ਨਿਗਰਾਨੀ ਜਾਂ ਪ੍ਰਬੰਧਣ; ਖਾਸ ਤੌਰ ’ਤੇ ਕਿਸੇ ਕੋਲ ਰੱਖੀ ਹੋਈ ਅਮਾਨਤ ਦਾ ਨਿਗਰਾਨੀ ਅਤੇ ਜ਼ਿੰਮੇਵਾਰੀ ਭਰਪੂਰ ਪ੍ਰਬੰਧਣ[79]।

**ਸੂਈ ਜੈਨੇਰਿਸ (*Sui generis*) –** ਇਹ ਇਕ ਲਾਤੀਨੀ ਸ਼ਬਦ-ਜੋੜ ਹੈ ਜਿਸ ਦਾ ਅਰਥ ਹੈ “ਆਪਣੀ ਖੁਦ ਦੀ ਕਿਸਮ ਦਾ ਜਾਂ ਆਪਣੇ ਖੁਦ ਦੇ ਵਰਗ ਦਾ”; ਅਦੁੱਤਾ ਜਾਂ ਅਜੀਬ। ਇਹ ਇਕ ਅਜਿਹੀ ਪ੍ਰਣਾਲੀ ਹੁੰਦੀ ਹੈ ਜੋ ਕਿ ਕਿਸੇ ਖਾਸ ਮੁੱਦੇ ਦੀਆਂ ਜ਼ਰੂਰਤਾਂ ਅਤੇ ਚਿੰਤਾਵਾਂ ਦੇ ਹੱਲ ਲਈ ਤਿਆਰ ਕੀਤੀ ਹੁੰਦੀ ਹੈ। ਪਰੰਪਰਾਗਤ ਗਿਆਨ ਦੀ ਸੁਰੱਖਿਆ ਲਈ ਇਕ “ਸੂਈ ਜੈਨੇਰਿਸ ਪ੍ਰਣਾਲੀ” ਵਿਕਸਿਤ ਕਰਨ ਦੀਆਂ ਅਵਾਜ਼ਾਂ ਕਈ ਵਾਰ ਸੁਣੀਆਂ ਜਾਂਦੀਆਂ ਹਨ। ਇਹ ਇਕ ਅਜਿਹੀ ਪ੍ਰਣਾਲੀ ਹੋ ਸਕਦੀ ਹੈ ਜੋ ਕਿ ਮੌਜੂਦਾ ਆਈ.ਪੀ. ਸਿਸਟਮ ਤੋਂ ਪੂਰੀ ਤਰ੍ਹਾਂ ਅਲੱਗ ਅਤੇ ਪੂਰੀ ਤਰ੍ਹਾਂ ਭਿੰਨ ਹੋਵੇਗੀ[80]।

**ਟਿਕਾਊ ਵਰਤੋਂ (Sustainable Use) –** ਇਸ ਦਾ ਅਰਥ ਹੈ ਜੈਵ-ਵਿਭਿੰਨਤਾ ਦੇ ਅੰਸ਼ਾਂ ਦੀ ਉਸ ਢੰਗ ਅਤੇ ਉਸ ਦਰ ਨਾਲ ਵਰਤੋਂ ਕਰਨੀ ਕਿ ਜੈਵ-ਵਿਭਿੰਨਤਾ ਦਾ ਦੀਰਘ ਅਵਧੀ ਨੁਕਸਾਨ ਨਾ ਹੋਵੇ ਅਤੇ ਇਹ ਮੌਜੂਦਾ ਅਤੇ ਭਵਿੱਖਤ ਪੀੜ੍ਹੀਆਂ ਦੀਆਂ ਲੋੜਾਂ ਅਤੇ ਇਛਾਵਾਂ ਦੀ ਪੂਰਤੀ ਕਰਨ ਯੋਗ ਰਹੇ[81]।

77 Akwe: Kon Gidelines (2004) The Secretariat of the Convention on Biological Diversity (CBD), page 7
78 Section 23 of the Biological Diversity Act, 2002 (Government of India).
79 http://www.merriam-webster.com/dictionary/stewardship accessed on 13.06.2013.
80 Intellectual property needs and expectations of traditional knowledge holders. WIPO Report on Fact-finding Missions on Intellectual Property and Traditional Knowledge (1998-1999). WIPO, Geneva, Switzerland, April 2001.
81 Section 2(o) of the Biological Diversity Act, 2002 (Government of India).

**ਤਕਨੀਕ ਹਸਤਾਂਤਰਨ (Technology Transfer) –** ਤਕਨੀਕੀ ਅਤੇ ਵਿਗਿਆਨਕ ਖੋਜ ਤੇ ਵਿਕਾਸ ਪ੍ਰੋਗਰਾਮਾਂ ਲਈ ਵਿਭਿੰਨ ਧਿਰਾਂ ਵਿਚਕਾਰ ਆਪਸੀ ਸਹਿਚਾਰ ਅਤੇ ਸਹਿਯੋਗ; ਜੈਵ ਤਕਨੀਕੀ ਖੋਜ ਗਤੀਵਿਧੀਆਂ ਇਸ ਵਿਚ ਸ਼ਾਮਿਲ ਹੁੰਦੀਆਂ ਹਨ[82]।

**ਤੀਜੀ ਧਿਰ ਨੂੰ ਹਸਤਾਂਤਰਨ (Third Party Transfer) –** ਕਿਸੇ ਪਦਾਰਥ, ਗਿਆਨ ਅਤੇ/ਜਾਂ ਉਤਪਾਦਾਂ ਦਾ ਕਿਸੇ ਅਜਿਹੀ ਧਿਰ ਨੂੰ ਹਸਤਾਂਤਰਨ ਜਿਸ ਨੂੰ ਅਗਾਊਂ ਸੂਚਿਤ ਸਹਿਮਤੀ (PIC), ਆਪਸੀ ਸਹਿਮਤੀ ਦੀਆਂ ਸ਼ਰਤਾਂ (MAT) ਅਤੇ/ਜਾਂ ਲਾਭਾਂ ਦੀ ਸਹਮਤੀ ਦੇ ਸਮਝੌਤਿਆਂ ਅਨੁਸਾਰ ਵਰਤੋਂਕਾਰ ਨਹੀਂ ਮੰਨਿਆ ਗਿਆ ਹੁੰਦਾ[83]।

**ਰਵਾਇਤੀ ਗਿਆਨ ਜਿਵੇਂ ਇਹ ਹੋਵੇ (Traditional Knowledge ‘as such’)–** ਇਸ ਤੋਂ ਭਾਵ ਹੈ ਗਿਆਨ ਪ੍ਰਣਾਲੀ ਰਚਨਾਵਾਂ ਅਤੇ ਖੋਜਾਂ ਜਿਹੜੀਆਂ ਆਮ ਤੌਰ ’ਤੇ ਪੀੜ੍ਹੀ ਦਰ ਪੀੜ੍ਹੀ ਸਥਾਨਾਂਤਰਿਤ ਹੋਈਆਂ ਹੋਣ; ਆਮ ਤੌਰ ’ਤੇ ਕੁਝ ਖਾਸ ਲੋਕਾਂ ਜਾਂ ਕਿਸੇ ਖਾਸ ਇਲਾਕੇ ਨਾਲ ਸਬੰਧਿਤ ਮੰਨੀਆਂ ਜਾਂਦੀਆਂ ਹੋਣ; ਅਤੇ ਬਦਲਦੇ ਵਾਤਾਵਰਨ ਕਾਰਨ ਉਹਨਾਂ ਵਿਚ ਲਗਾਤਾਰ ਵਿਕਾਸ ਹੋ ਰਿਹਾ ਹੋਵੇ[84]।

**ਵਪਾਰ (Trade) –** ਵਪਾਰ ਦਾ ਅਰਥ ਹੈ – ਕਿਸੇ ਇਕ ਵਿਅਕਤੀ ਜਾਂ ਇਕਾਈ ਤੋਂ ਵਸਤਾਂ ਜਾਂ ਸੇਵਾਵਾਂ ਦੀ ਮਲਕੀਅਤ ਕਿਸੇ ਦੂਜੇ ਨੂੰ ਤਬਦੀਲ ਕਰ ਦੇਣਾ ਅਤੇ ਇਸ ਬਦਲੇ ਖਰੀਦਦਾਰ ਤੋਂ ਕੁਝ ਲੈਣਾ[85]।

**ਵਪਾਰ ਸਮਝੌਤੇ (Trade Agreements) –** ਦੋ ਜਾਂ ਦੋ ਤੋਂ ਵੱਧ ਦੇਸ਼ਾਂ, ਵਿਅਕਤੀਆਂ ਜਾਂ ਸੰਸਥਾਵਾਂ ਵਿਚਕਾਰ ਆਪਸੀ ਸਹਿਮਤੀ ਨਾਲ ਹੋਇਆ ਸਮਝੌਤਾ ਜਿਸ ਰਾਹੀਂ ਵਪਾਰ ਸਬੰਧੀ ਉਹਨਾਂ ਦੀਆਂ ਨੀਤੀਆਂ ਨੂੰ ਬਦਲਿਆ ਜਾਂ ਸੀਮਿਤ ਕੀਤਾ ਜਾਂਦਾ ਹੈ[86]।

**ਰਵਾਇਤੀ ਉਪਚਾਰਕ (Traditional Healer) –** ਕੋਈ ਵੀ ਵਿਅਕਤੀ ਜੋ ਬਿਮਾਰ ਜਾਂ ਜ਼ਖਮੀ ਲੋਕਾਂ ਦੇ ਇਲਾਜ ਲਈ ਪਰੰਪਰਾਗਤ ਦਵਾਈ ਵਰਤਦਾ ਹੈ[87]।

---

82 Article 23 Nagoya Protocol on Access to genetic resources and the fair and equitable sharing of benefits arising from their utilization to the CBD, The Secretariat of the CBD, Montreal.

83 Balakrishna, P (2007) UNU-IAS Pocket Guide, Access to Genetic Resources, Benefit Sharing and Bioprospecting, United Nations University-Institute of Advanced Studies, Japan, page 16

84 List and Brief technical explanation of various forms in which traditional knowledge may be found, WIPO/GRTKF/IC/17/INF/9, Annex, page 12.

85 Defining and Explaining ABS terminology, National Biodiversity Authority (NBA), India (2013), p 19.

86 Ibid.

87 http://www.macmillandictionary.com/us/dictionary/american/traditional-healer accessed on 14.06.2013

**ਰਵਾਇਤੀ ਗਿਆਨ (Traditional Knowledge) –** ਅਜੇ ਤੱਕ ਅੰਤਰਰਾਸ਼ਟਰੀ ਪੱਧਰ ’ਤੇ ਪਰੰਪਰਾਗਤ ਗਿਆਨ ਦੀ ਕੋਈ ਪ੍ਰਵਾਣਿਤ ਪਰਿਭਾਸ਼ਾ ਨਹੀਂ ਹੈ[88]। ਇਸ ਦੀ ਮੋਟੇ ਤੌਰ ’ਤੇ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਜਾ ਸਕਦੀ ਹੈ: “ਪਰੰਪਰਾਵਾਂ ’ਤੇ ਅਧਾਰਿਤ ਸਾਹਿਤਿਕ, ਕਲਾਤਮਕ ਜਾਂ ਵਿਗਿਆਨਕ ਰਚਨਾਵਾਂ, ਪ੍ਰਸਤੁਤੀਆਂ, ਕਾਢਾਂ, ਵਿਗਿਆਨਿਕ ਖੋਜਾਂ, ਡਿਜ਼ਾਇਨ, ਨਿਸ਼ਾਨ, ਨਾਮ ਅਤੇ ਚਿੰਨ੍ਹ, ਨਾ ਜ਼ਾਹਿਰ ਕੀਤੀ ਸੂਚਨਾ ਅਤੇ ਪਰੰਪਰਾ ਅਧਾਰਿਤ ਬਾਕੀ ਦੀਆਂ ਸਾਰੀਆਂ ਕਾਢਾਂ ਅਤੇ ਰਚਨਾਵਾਂ ਜੋ ਕਿ ਉਦਯੋਗਿਕ, ਵਿਗਿਆਨਕ ਜਾਂ ਕਲਾਤਮਕ ਖੇਤਰਾਂ ਵਿਚ ਕੀਤੀ ਗਈ ਬੌਧਿਕ ਗਤੀਵਿਧੀ ਕਾਰਨ ਹੋਈਆਂ ਹੋਣ ”[89]।

**ਰਵਾਇਤੀ ਗਿਆਨ ਡਿਜੀਟਲ ਲਾਇਬਰੇਰੀ (Traditional Knowledge Digital Library (TKDL)) –** ਰਵਾਇਤੀ ਗਿਆਨ ਡਿਜੀਟਲ ਲਾਇਬਰੇਰੀ ਇਕ ਅੰਕੜਾ ਅਧਾਰ ਹੈ ਜੋ ਕਿ ਭਾਰਤੀ ਦਵਾ–ਪ੍ਰਣਾਲੀ (ਜਿਸ ਵਿਚ ਆਯੁਰਵੇਦ, ਸਿੱਧ, ਯੂਨਾਨੀ ਅਤੇ ਯੋਗਾ ਸ਼ਾਮਲ ਹਨ) ਲਈ ਮੌਜੂਦ ਕੋਡ–ਬੰਦ ਰਵਾਇਤੀ ਗਿਆਨ ਬਾਰੇ ਅਗਾਊਂ ਕਲਾ ਦੇ ਤੌਰ ’ਤੇ ਸੂਚਨਾ ਦਿੰਦਾ ਹੈ। ਇਹ ਵਿਗਿਆਨਕ ਅਤੇ ਉਦਯੋਗਿਕ ਖੋਜ ਪ੍ਰੀਸ਼ਦ, ਵਿਗਿਆਨ ਅਤੇ ਤਕਨਾਲੌਜੀ ਮੰਤਰਾਲੇ, ਆਯੂਸ਼ (ਆਯੂਰਵੇਦ, ਯੂਨਾਨੀ, ਸਿੱਧ, ਹੋਮਿਓਪੈਥੀ) ਵਿਭਾਗ ਅਤੇ ਸਿਹਤ ਤੇ ਪਰਿਵਾਰ ਭਲਾਈ ਮੰਤਰਾਲਾ, ਭਾਰਤ ਸਰਕਾਰ ਦੇ ਸਾਂਝੇ ਉਪਰਾਲੇ ਦੁਆਰਾ ਸੰਨ 2001 ਵਿਚ ਸ਼ੁਰੂ ਕੀਤਾ ਗਿਆ ਇਕ ਪ੍ਰਾਜੈਕਟ ਹੈ[90]। ਇਹ ਭਾਰਤੀ ਰਵਾਇਤੀ ਗਿਆਨ ਦੀ ਅਣ–ਅਧਿਕਾਰਿਤ ਵਰਤੋਂ ਰੋਕਦੀ ਹੈ। ਸੰਨ 2013 ਤੱਕ ਰਵਾਇਤੀ ਗਿਆਨ ਡਿਜੀਟਲ ਲਾਇਬਰੇਰੀ ਨੇ 150 ਕਿਤਾਬਾਂ ਨੂੰ ਲਿਪੀ–ਅੰਤਰਿਤ ਕੀਤਾ ਹੈ ਜਿਨ੍ਹਾਂ ਵਿਚ 2.83 ਲੱਖ ਤੋਂ ਵੱਧ ਮਿਸ਼ਰਨ (ਦਵਾਈਆਂ) ਹਨ। ਇਹਨਾਂ ਵਿਚ ਆਯੁਰਵੇਦ ਦੀਆਂ 75 ਕਿਤਾਬਾਂ, ਯੂਨਾਨੀ ਦੀਆਂ 10 ਕਿਤਾਬਾਂ, ਸਿੱਧ ਦੀਆਂ 50 ਕਿਤਾਬਾਂ ਅਤੇ ਯੋਗਾ ਦੀਆਂ 15 ਕਿਤਾਬਾਂ ਸ਼ਾਮਲ ਸਨ; ਆਯੂਰਵੇਦ ਦੇ 96,781 ਮਿਸ਼ਰਨ (ਦਵਾਈਆਂ), ਯੂਨਾਨੀ ਦੇ 1,63,174 ਅਤੇ ਸਿੱਧ ਦੇ 22,264 ਮਿਸ਼ਰਨ (ਦਵਾਈਆਂ) ਵੀ ਇਸ ਵਿਚ ਸ਼ਾਮਲ ਸਨ। ਇਸ ਤੋਂ ਅੱਗੇ ਇਕ ਲੱਖ ਹੋਰ ਮਿਸ਼ਰਨ (ਦਵਾਈਆਂ) ਨੂੰ ਸ਼ਾਮਲ ਕਰਨ ਦੀ ਯੋਜਨਾ ਵੀ ਇਸ ਰਵਾਇਤੀ ਗਿਆਨ ਡਿਜੀਟਲ ਲਾਇਬਰੇਰੀ ਦੁਆਰਾ ਬਣਾਈ ਜਾ ਰਹੀ ਹੈ। ਇਸ ਦਾ ਇਕ ਹੋਰ ਉਪਰਾਲਾ ਹੈ ਕਿ ਇਹ ਸੂਚਨਾ ਸਰਕਾਰੀ ਸਹਾਇਤਾ ਪ੍ਰਾਪਤ ਖੋਜ ਤੇ ਵਿਕਾਸ ਸੰਸਥਾਵਾਂ ਨੂੰ ਮੁਹੱਈਆ ਕਰਵਾਈ ਜਾਵੇ ਤਾਂ ਜੋ ਇਸ ਖੇਤਰ ਵਿਚ ਖੋਜ ਕਾਰਜਾਂ ਨੂੰ ਉਤਸ਼ਾਹਿਤ ਕੀਤਾ ਜਾਵੇ[91]।

---

88 Intellectual property needs and expectations of traditional knowlege holders. WIPO Report on fact-finding Missions on Intellectual Property and Traditional Knowledge (1998-1999). WIPO, Geneva, Switzerland, April 2001.

89 Suneetha, MS (2008) A Primer on Sectoral Linkages to Traditional Knowledge, UNU-Institute of Advanced Studies (UNU-IAS), Japan.

90 http:/www.tkdl.res.in/tkdl/langdefault/common/Home.asp?GL=Eng accessed on 05.08.2013.

91 http://tkbulletin.wordpress.com/2013/07/24/this-week-in-review-tkdl-to-sign-agreements-with-more-countries-add-formulations/ accessed on 05.08.2013

**ਰਵਾਇਤੀ ਗਿਆਨ ਧਾਰਕ (Traditional Knowledge Holder) –** ਉਹ ਸਾਰੇ ਵਿਅਕਤੀ ਜੋ ਰਵਾਇਤੀ ਮਾਹੌਲ ਅਤੇ ਪਰਿਪੇਖ ਵਿਚ ਰਵਾਇਤੀ ਗਿਆਨ ਪੈਦਾ ਕਰਦੇ, ਉਪਜਾਉਂਦੇ, ਵਿਕਸਿਤ ਕਰਦੇ ਅਤੇ ਵਰਤਦੇ ਹਨ। ਜੱਦੀ ਜਨ-ਸਮੂਹ, ਲੋਕ ਅਤੇ ਰਾਸ਼ਟਰ ਰਵਾਇਤੀ ਗਿਆਨ ਧਾਰਕ ਹੁੰਦੇ ਹਨ ਪਰੰਤੂ ਸਾਰੇ ਰਵਾਇਤੀ ਗਿਆਨ ਧਾਰਕ ਜੱਦੀ ਨਹੀਂ ਹੁੰਦੇ[92]।

**ਰਵਾਇਤੀ ਦਵਾ (Traditional Medicine (TM)) –** ਸਿਹਤ-ਸੰਭਾਲ ਅਤੇ ਸਰੀਰਿਕ ਤੇ ਮਾਨਸਿਕ ਰੋਗਾਂ ਦੀ ਰੋਕਥਾਮ, ਪਛਾਣ, ਸੁਧਾਰ ਜਾਂ ਇਲਾਜ ਵਿਚ ਵਰਤੇ ਜਾਣ ਵਾਲੇ ਗਿਆਨ, ਹੁਨਰਾਂ ਅਤੇ ਉਹਨਾਂ ਸਾਰੀਆਂ ਵਿਧੀਆਂ ਦੇ ਜੋੜ ਨੂੰ ਰਵਾਇਤੀ ਦਵਾ ਕਹਿੰਦੇ ਹਨ ਜੋ ਕਿ ਵਿਭਿੰਨ ਸੱਭਿਆਚਾਰਾਂ ਦੇ ਜੱਦੀ ਸਿਧਾਂਤਾਂ, ਵਿਸ਼ਵਾਸਾਂ ਅਤੇ ਤਜ਼ਰਬਿਆਂ 'ਤੇ ਅਧਾਰਿਤ ਹੁੰਦੀਆਂ ਹਨ ਭਾਵੇਂ ਇਹ ਵਰਣਨਯੋਗ/ਸਮਝਣਯੋਗ ਹੋਣ ਤੇ ਭਾਵੇਂ ਨਾ ਹੋਣ[93]।

**ਰਵਾਇਤੀ ਸ੍ਰੋਤ (Traditional Resources) –** ਜੈਵਿਕ, ਧਾਰਮਿਕ, ਸੁਹਜਾਤਮਿਕ, ਸੱਭਿਆਚਾਰਕ ਅਤੇ ਆਰਥਿਕ ਮਹੱਤਵ ਦੀਆਂ ਸਪਸ਼ਟ ਜਾਂ ਅਸਪਸ਼ਟ ਸੰਪੱਤੀਆਂ[94]।

**ਰਵਾਇਤੀ ਇਲਾਕੇ (Traditional Territories) –** ਜ਼ਮੀਨਾਂ, ਜੰਗਲ ਅਤੇ ਪਾਣੀ ਜਿਨ੍ਹਾਂ ਉਪਰ ਜੱਦੀ ਲੋਕਾਂ ਅਤੇ ਸਥਾਨਕ ਜਨ-ਸਮੂਹਾਂ ਦੁਆਰਾ ਅਧਿਕਾਰ ਕਾਇਮ ਕੀਤਾ ਹੋਇਆ ਹੋਵੇ, ਉਹਨਾਂ ਦੁਆਰਾ ਹੀ ਇਹ ਵਰਤੇ ਅਤੇ ਸੰਭਾਲੇ ਜਾਂਦੇ ਹੋਣ[95]।

**ਜ਼ੁਬਾਨੀ (Verbal) –** ਇਸ ਦਾ ਅਰਥ ਹੈ - ਕਾਰਜ ਦੁਆਰਾ ਪ੍ਰਗਟ ਹੋਏ ਬਿਨਾਂ ਕੇਵਲ ਸ਼ਬਦਾਂ ਰਾਹੀਂ ਹੀ ਪ੍ਰਗਟ ਹੋਣਾ[96]।

**ਲਿਖਿਆ ਹੋਇਆ (Written) –** ਇਸ ਦਾ ਅਰਥ ਹੈ - ਲਿਖਤੀ ਰੂਪ ਵਿਚ ਤਿਆਰ ਕੀਤਾ, ਰਿਕਾਰਡ ਕੀਤਾ, ਸੰਭਾਲਿਆ ਜਾਂ ਵਰਣਨ ਕੀਤਾ ਹੋਇਆ[97]।

---

92 Intellectual property needs and expectations of traditional knowledge holders. WIPO Report on Fact-finding Missions on Intellectual Property and Traditional Knowledge (1998-1999), WIPO, Geneva, Switzerland, April 2001.
93 http://www.who.int/medicines/areas/traditional/definitions/en/index.html accessed on 14.06.2013.
94 http://www.wipo.int/export/sites/www/tk/en/igc/ngo/iied_commrights.pdf accessed on 14.06.2013
95 Ibid
96 List and Brief technical explanation of various forms in which traditional knowledge may be found, WIPO/GRTKF/IC/17/INF/9
97 Ibid.

## ਪੰਜਾਬ ਜੈਵ-ਵਿਭਿੰਨਤਾ ਬੋਰਡ : ਮੁੱਢਲੀ ਜਾਣਕਾਰੀ

ਜੈਵਿਕ ਸ੍ਰੋਤਾਂ ਦੀ ਰੱਖਿਆ ਕਰਨ ਲਈ ਅਤੇ ਇਨ੍ਹਾਂ ਦੀ ਨਿੰਰਤਰ ਵਰਤੋਂ ਨੂੰ ਯਕੀਨੀ ਬਨਾਉਣ ਲਈ ਅਤੇ ਇਨ੍ਹਾਂ ਤੋਂ ਹੋਂਣ ਵਾਲੇ ਲਾਭਾਂ ਦੀ ਬਰਾਬਰ ਵੰਡ ਲਈ ਭਾਰਤ ਸਰਕਾਰ ਨੇ ਜੈਵਿਕ-ਵਿਭਿੰਨਤਾ ਕਾਨੂੰਨ, 2002 ਦਾ ਗੱਠਨ ਕੀਤਾ ਹੈ। ਲੋਕਾਂ ਦੀ ਭਾਗੀਦਾਰੀ ਰਾਹੀਂ ਜੈਵਿਕ-ਵਿਭਿੰਨਤਾ ਦੀ ਸਾਂਭ ਸੰਭਾਲ ਹੀ ਇਸ ਕਾਨੂੰਨ ਦਾ ਮੁੱਖ ਉਦੇਸ਼ ਹੈ।

ਜੈਵ-ਵਿਭਿੰਨਤਾ ਸੰਬੰਧੀ ਹੋਈ ਅੰਤਰਰਾਸ਼ਟਰੀ ਕਨਵੈਨਸ਼ਨ (ਸੰਧੀ) ਨੂੰ ਭਾਰਤ ਸਮੇਤ 193 ਦੇਸ਼ ਸਵੀਕਾਰ ਕਰ ਚੁੱਕੇ ਹਨ। ਇਸ ਕਨਵੈਨਸ਼ਨ ਦੇ ਭਾਗੀਦਾਰ ਹੋਣ ਕਰਕੇ ਭਾਰਤ ਨੇ ਜੈਵ-ਵਿਭਿੰਨਤਾ ਕਾਨੂੰਨ, 2002 ਬਣਾਇਆ। ਜੈਵ-ਵਿਭਿੰਨਤਾ ਕਾਨੂੰਨ, 2002 ਨੂੰ ਪੰਜਾਬ ਸੂਬੇ ਵਿਚ ਲਾਗੂ ਕਰਨ ਹਿੱਤ ਜੈਵਿਕ ਸ੍ਰੋਤਾਂ ਅਤੇ/ ਸਬੰਧਿਤ ਗਿਆਨ ਦੀ ਵਰਤੋਂ ਨੂੰ ਨਿਯਮਿਤ ਕਰਨ ਦੇ ਉਦੇਸ਼ ਨਾਲ ਪੰਜਾਬ ਸਰਕਾਰ ਨੇ ਕਾਨੂੰਨ ਦੀ ਧਾਰਾ 22 ਅਧੀਨ ਪੰਜਾਬ ਜੈਵ-ਵਿਭਿੰਨਤਾ ਬੋਰਡ ਨੂੰ ਸਾਲ 2004 ਵਿੱਚ ਇਕ ਸੰਵਿਧਾਨਿਕ ਸੰਸਥਾ ਵਜੋਂ ਸਥਾਪਿਤ ਕੀਤਾ ਹੈ। ਪੰਜਾਬ ਦੇ ਮਾਣਯੋਗ ਮੁੱਖ ਮੰਤਰੀ, ਪੰਜਾਬ ਜੈਵ-ਵਿਭਿੰਨਤਾ ਬੋਰਡ ਦੇ ਚੇਅਰਮੈਨ ਹਨ।

ਪੰਜਾਬ ਜੈਵ-ਵਿਭਿੰਨਤਾ ਬੋਰਡ ਦੇ ਮੁੱਖ ਕਾਰਜ ਹੇਠ ਲਿਖੇ ਅਨੁਸਾਰ ਹਨ:

- ਰਾਜ ਵਿੱਚ ਪਾਏ ਜਾਣ ਵਾਲੇ ਜੀਵ-ਜੰਤੂ ਅਤੇ ਪੇੜ-ਪੋਦਿਆਂ ਦੀ ਸੁਰਖਿਆ ਅਤੇ ਸੰਭਾਲ ਨੂੰ ਵਧਾਵਾ ਦੇਣਾ।
- ਭਾਰਤੀ ਨਾਗਰਿਕਾਂ ਅਤੇ ਭਾਰਤ ਵਿੱਚ ਰਜਿਸਟਰਡ ਨਿਗਮਿਤ ਸੰਸਥਾਵਾਂ, ਐਸੋਸੀਏਸ਼ਨਾਂ ਅਤੇ ਸੰਗਠਨਾਂ ਵੱਲੋਂ ਪੰਜਾਬ ਵਿੱਚ ਮਿਲਣ ਵਾਲੇ ਜੈਵਿਕ ਸ੍ਰੋਤਾਂ ਦੀ ਵਪਾਰਕ ਵਰਤੋਂ ਲਈ ਪ੍ਰਾਪਤੀ (Access) ਨਿਯਮਿਤ ਕਰਨਾ।
- ਜੈਵਿਕ ਵਿਭਿੰਨਤਾ ਦੀ ਸੁਰੱਖਿਆ ਦੇ ਉਦੇਸ਼ਾਂ ਦੀ ਉਲੰਘਣਾ ਕਰਨ ਵਾਲੀਆਂ ਗਤੀਵਿਧੀਆਂ ਤੇ ਰੋਕ ਲਗਾਉਣਾ।
- ਰਾਜ ਦੇ ਜੈਵ-ਵਿਭਿੰਨਤਾ ਭਰਪੂਰ ਖੇਤਰਾਂ ਨੂੰ ਜੈਵ-ਵਿਭਿੰਨਤਾ ਵਿਰਾਸਤੀ ਸਥਲਾਂ ਦੇ ਤੌਰ ਤੇ ਅਧਿਸੂਚਿਤ ਕਰਨਾ ਅਤੇ ਇਹਨਾਂ ਸਥਲਾਂ ਦੀ ਸਾਂਭ ਸੰਭਾਲ ਕਰਵਾਉਣਾ ।
- ਰਾਜ ਦੀ ਜੈਵ-ਵਿਭਿੰਨਤਾ ਦੀ ਸੰਭਾਲ ਲਈ ਜੈਵ ਵਿਭਿੰਨਤਾ ਫੰਡ ਦੀ ਸਥਾਪਨਾ ਕਰਨਾ।
- ਜੈਵਿਕ ਪ੍ਰਬੰਧਨ ਕਮੇਟਿਆਂ ਦੀ ਪਰਿਸ਼ਦ / ਬਲਾਕ/ ਗਰਾਮ ਸਭਾ / ਪੰਚਾਇਤ / ਮਿਊਂਸਪੈਲਿਟੀ / ਨਗਰ ਨਿਗਮ ਪੱਧਰ ਤੇ ਸਥਾਪਨਾ ਕਰਨਾ ।
- ਜੈਵ ਵਿਭਿੰਨਤਾ ਸੰਭਾਲ ਲਈ ਜਾਗਰੂਕਤਾ ਅਤੇ ਸਮਰਥੱਤਾ ਉਸਾਰੀ ਲਈ ਗਤਿਵਿਧੀਆਂ ਕਰਵਾਉਣਾ।

**ਪੰਜਾਬ ਜੈਵ-ਵਿਭਿੰਨਤਾ ਬੋਰਡ**
**O/o ਪੰਜਾਬ ਰਾਜ ਵਿਗਿਆਨ ਅਤੇ**
**ਤਕਨਾਲੋਜੀ ਪ੍ਰੀਸ਼ਦ**
ਐਮ.ਜੀ.ਐਸ.ਆਈ.ਪੀ.ਏ. ਕੰਪਲੈਕਸ,
ਸੈਕਟਰ 26, ਚੰਡੀਗੜ੍ਹ
ਫੋਨ : 0172-2792325, 2793300
ਫੈਕਸ : 0172-2793143
ਵੈਬਸਾਇਟ : www.pbb.gov.in